Estd. 2000

October - 2020
Year - 05
Edition - 7
Total Page 12+4=16

Anual Subcription 200/-

Regd. Office :
1195, Ajit Nagar
Moga 142001 (Pb.)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ

Title Regd No. PUNPUN 04016 * Helpline 9988-92-9988, Email:chief_editor@mehakwatandilive.com www.mehakwatandilive.com

facebook
www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉੱਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com

## ਅੰਦਰ ਪੜ੍ਹੋ

- ਕਿਸਾਨਾ ਦੇ ਹੱਕ ਵਿੱਚ ਨਿੱਤਰਿਆ ਪੰਜਾਬ
- ਵਿਦੇਸ਼ਾ ਦੇ ਨਾਮ ਤੇ ਹੁੰਦੀ ਲੁੱਟ
- ਭਗਤ ਨਾਮਦੇਵ ਜੀ ਜਨਮ ਅਸਥਾਨ ਨਰਸੀ ਨਾਮਦੇਵ
- ਜਦ ਉਹੀ ਮਹਿਬੂਬ ਉਹ ਨਹੀਂ ਰਹਿੰਦਾ
- ਕਸ਼ਮੀਰ 'ਚ ਧਾਰਾ 370 ਦੀ ਤਰਜ਼ ਤੇ ਹੀ ਪੰਜਾਬ 'ਚ ਲਿਆਂਦਾ ਗਿਆ ਖੇਤੀ ਬਿੱਲ
- ਸਿਆਸੀ ਸੱਥ
- ਕਾਵਿ-ਕਿਆਰੀ ਤੇ ਮਿੰਨੀ ਕਹਾਣੀ

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com









Scanned with CamScanner



## ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ !

ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988






ਵੀਹਵੀਂ ਸਦੀ ਦੇ ਉੱਘੇ ਸਮਾਜ ਸੇਵਕ ਅਤੇ ਮਹਾਨ ਸੰਤ

# ਸੰਤ ਬਾਬਾ ਨੰਦ ਸਿੰਘ ਜੀ

ਲੋਹਾਰੇ ਵਾਲੇ

ਬਾਬਾ ਜੀ ਦਾ ਤਪ ਅਸਥਾਨ ਅਤੇ ਅੰਗੀਠਾ ਸਾਹਿਬ

ਸੰਤ ਬਾਬਾ ਨੰਦ ਸਿੰਘ ਜੀ ਲੋਹਾਰਾ


ਗੁਰਦੁਆਰਾ ਬਾਬਾ ਨੰਦ ਸਿੰਘ ਜੀ, ਪਿੰਡ ਲੋਹਾਰਾ

ਸਮੂੰਹ ਸਾਧ ਸੰਗਤ ਜੀ ਨੂੰ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਦੀਆਂ ਲੱਖ-ਲੱਖ ਮੁਬਾਰਕਾਂ!

ਨੋਟ - ਹਰ ਐਤਵਾਰ ਨੂੰ ਹਰੇਕ ਬਿਮਾਰੀ ਦੀ ਫ੍ਰੀ ਦਵਾਈ ਦਿੱਤੀ ਜਾਂਦੀ ਹੈ।

ਵੱਲੋਂ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਜੀ ਲੋਹਾਰਾ





ਸਮੂੰਹ ਸਾਧ ਸੰਗਤ ਜੀ ਨੂੰ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਦੀਆਂ ਲੱਖ-ਲੱਖ ਮੁਬਾਰਕਾਂ!

# ਮੁੱਖ ਸੇਵਾਦਾਰ ਬਾਬਾ ਫੌਜਾ ਸਿੰਘ ਜੀ

ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ (ਜਲੰਧਰ)

ਮੋ. 84381-13000



ਸਮੂੰਹ ਸਾਧ ਸੰਗਤ ਜੀ ਨੂੰ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਦੀਆਂ ਲੱਖ-ਲੱਖ ਮੁਬਾਰਕਾਂ!

# ਸੰਤ ਬਾਬਾ ਰੇਸ਼ਮ ਸਿੰਘ ਜੀ ਖ਼ਾਲਸਾ

ਸੀਨੀ. ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ ਖ਼ਾਲਸਾ ਐਕਸ਼ਨ ਕਮੇਟੀ

ਮੁੱਖ ਸੇਵਾਦਾਰ :

ਗੁ. ਸਾਹਿਬ ਦੁੱਖ ਭੰਜਨਸਰ

ਪਿੰਡ ਖੁਖਰਾਣਾ, ਤਹਿ. ਤੇ ਜ਼ਿਲ੍ਹਾ ਮੋਗਾ

ਮੋ. 98153-11318

77107-11318 (ਹੀਰਾ)



ਇੱਥੇ ਟਾਈਫਾਇਡ, ਮਲੇਰੀਆ, ਬਵਾਸੀਰ, ਚਰਨ, ਧਾਤ, ਸੁਪਨਦੋਸ਼, ਰਸੌਲੀਆਂ, ਗੰਠਾਂ ਸਰੀਰ ਦੇ ਕਿਸੇ ਵੀ ਹਿੱਸੇ ਵਿਚ ਹੋਣ, ਬਿਨ੍ਹਾਂ ਅਪਰੇਸ਼ਨ ਤੋਂ ਸਰਤੀਆ ਇਲਾਜ, ਯੂਰਿਕ ਐਸਿਡ, ਗੱਠੀਆਂ, ਬੁਖਾਰ, ਲਕੋਰੀਆ ਦਾ ਸ਼ਰਤੀਆ ਇਲਾਜ, ਫੁਲਵੈਰੀ ਵਾਸਤੇ ਸਪੈਸ਼ਲ ਦਵਾਈ, ਪੀਲੀਆ ਬੀ ਅਤੇ ਸੀ ਦੀ ਦਵਾਈ ਦਿੱਤੀ ਜਾਂਦੀ ਹੈ।

ਨੋਟ - ਦਵਾਈ ਗਰੀਬਾਂ ਨੂੰ ਮੁਫ਼ਤ ਦਿੱਤੀ ਜਾਂਦੀ ਹੈ ਅਤੇ ਐਤਵਾਰ ਨੂੰ ਹੀ ਦਿੱਤੀ ਜਾਂਦੀ ਹੈ ਅੱਗੇ-ਪਿੱਛੇ ਨਹੀਂ।

ਸਮੂੰਹ ਸਾਧ ਸੰਗਤ ਜੀ ਨੂੰ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਦੀਆਂ ਲੱਖ-ਲੱਖ ਮੁਬਾਰਕਾਂ!

ਰੂਹਾਨੀਅਤ ਦਾ ਕੇਂਦਰ ਡੇਰਾ ਬਾਬਾ ਰਾਮ ਧੰਨ ਜੀ

ਧਰਮਕੋਟ ਤੋਂ ਲੋਹਗੜ੍ਹ ਸੜਕ 'ਤੇ ਤਕਰੀਬਨ 2 ਕਿਲੋਮੀਟਰ ਦੂਰ, ਮੋਗੇ ਤੋਂ 17 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਡੇਰੇ ਵਿਚ ਜਿਥੇ ਬਾਬਾ ਰਾਮ ਸਿੰਘ ਜੀ ਡੇਰੇ ਦੀ ਸੇਵਾ ਸੰਭਾਲ ਕਰ ਰਹੇ ਹਨ ਉੱਥੇ ਨਾਲ-ਨਾਲ ਦੇਸੀ ਦਵਾਈਆਂ ਨਾਲ ਦੇਸੀ ਇਲਾਜ ਕਰਕੇ ਸੰਗਤਾਂ ਦੇ ਹਰ ਪ੍ਰਕਾਰ ਦੇ ਕਸ਼ਟ ਦੂਰ ਕਰਕੇ ਸੰਗਤਾਂ ਨੂੰ ਤੰਦਰੁਸਤੀ ਬਖ਼ਸ਼ਦੇ ਹਨ।



# ਮੁੱਖ ਸੇਵਾਦਾਰ - ਬਾਬਾ ਰਾਮ ਸਿੰਘ ਜੀ

ਪਿੰਡ ਲੋਹਗੜ੍ਹ, ਜ਼ਿਲ੍ਹਾ ਮੋਗਾ, ਮੋ. 98144-87612



ਸਮੂੰਹ ਸਾਧ ਸੰਗਤ ਜੀ ਨੂੰ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਦੀਆਂ ਲੱਖ-ਲੱਖ ਮੁਬਾਰਕਾਂ!

# ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

## ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਲਾਨਾ ਬਰਸੀ

ਦੇ ਸਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 17 ਮੱਘਰ 2020 ਨੂੰ ਸਵੇਰੇ 10 ਵਜੇ ਪੈਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ।

ਸੰਤ ਬਾਬਾ ਹਾਕਮ ਸਿੰਘ ਜੀ ਦੀ ਬਰਸੀ ਦੇ ਸਬੰਧ ਵਿਚ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਦੀਵਾਲੀ ਵਾਲੇ ਦਿਨ ਸਵੇਰੇ 10 ਵਜੇ ਪੈਣਗੇ।

'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਵੇਰੇ 08 ਵਜੇ ਤੋਂ ਦੁਪਿਹਰ 12 ਵਜੇ ਤੱਕ ਬਰਸੀ ਦਾ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।

ਪ੍ਰਸ਼ਾਸ਼ਨ ਦੀਆਂ ਹਦਾਇਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਆਦਾ ਇਕੱਠ ਨਹੀਂ ਕੀਤਾ ਜਾਵੇਗਾ। ਸੰਗਤਾਂ ਨਮਸਕਾਰ ਕਰਕੇ ਹੀ ਵਾਪਿਸ ਮੁੜਨਗੀਆਂ।

ਬੇਨਤੀ ਕਰਤਾ : ਸੇਵਾਦਾਰ

ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ

ਸੰਪਰਕ : 62800-15996

ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ





ੴ ਸਤਿਗੁਰ ਪ੍ਰਸਾਦਿ ॥

"ਧੰਨ ਧੰਨ ਬਾਬਾ ਨਰਾਇਣ ਹਰੀ ਜੀ" "ਧੰਨ ਧੰਨ ਬਾਬਾ ਪਾਲਾ ਸਿੰਘ ਜੀ"

ਗੁਰਦੁਆਰਾ ਬਾਬਾ ਪਾਲਾ ਸਿੰਘ ਜੀ ਕੜਿਆਲ





ਸਮੂੰਹ ਸਾਧ ਸੰਗਤ ਜੀ ਨੂੰ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਸਾਲਾਨਾ ਜੋੜ ਮੇਲੇ ਦੀਆਂ ਲੱਖ-ਲੱਖ ਮੁਬਾਰਕਾਂ!

ਮੁੱਖ ਸੇਵਾਦਾਰ

ਸੰਤ ਬਾਬਾ ਪਵਨਦੀਪ ਸਿੰਘ ਜੀ

ਕੜਿਆਲ ਵਾਲੇ

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੀ ਸੰਗਤ ਨਾਲ ਸਾਂਝਾ ਕਰੋ!

## 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ ਹੁਣ ਸਿਰਫ ~~(3,000/-)~~ 2500/- ਪ੍ਰਤੀ ਘੰਟਾ

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖ਼ਬਰਾਂ ਅੰਤਰ-ਰਾਸ਼ਟਰੀ ਮੈਗਜ਼ੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜ਼ਾਨਾ ਆਨਲਾਈਨ ਅਖ਼ਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।



ਮਹਿਕ ਵਤਨ ਦੀ TV

Help Line: 9988 92 9988


Scanned with CamScanner

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

Monthly 'Mehak Watan Di Live' Moga ● ਲਾਈਵ

Title Regd. No. PunPun-04015 | Year 5 | Edition 07 | Issue Date 06-10-2020

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਸਹਿ ਸੰਪਾਦਕ : ਇਕਬਾਲ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ




ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

## ਸੋਸਲ ਮੀਡੀਆ ਇੱਕ ਵਰਦਾਨ

ਸੋਸਲ ਮੀਡੀਆ ਅੱਜ ਜਿੰਦਗੀ ਦਾ ਅਟਿਖੜਵਾ ਅੰਗ ਬਣ ਗਿਆ ਹੈ। ਸਮੇਂ ਅਤੇ ਏਰੀਏ ਮੁਤਾਬਕ ਸੋਸਲ ਮੀਡੀਏ ਦੀਆਂ ਵੱਖ-ਵੱਖ ਸਾਈਟਾ ਚਲਦੀਆ ਰਹਿੰਦੀਆਂ ਹਨ। ਪਹਿਲਾ ਓਰਕਟ ਦਾ ਬੜਾ ਨਾਮ ਚੱਲਿਆ ਫਿਰ ਉਸ ਦੀ ਜਗ੍ਹਾ ਫੇਸਬੁੱਕ ਨੇ ਲੈ ਲਈ। ਹੁਣ ਵਟਸਐਪ ਜਿਆਦਾ ਪ੍ਰਚਲਤ ਹੋ ਗਈ ਤੇ ਫੇਸਬੁੱਕ ਦਾ ਝੁਕਾਅ ਥੋੜਾ ਘੱਟ ਗਿਆ। ਪਰ ਫੇਸਬੁੱਕ ਅਤੇ ਵਟਸਐਪ ਦੇ ਫੀਚਰ ਵੱਖ-ਵੱਖ ਹੋਣ ਕਰਕੇ ਦੋਨੋ ਸਾਈਟਾ ਹੀ ਆਪਣਾ ਆਪਣਾ ਸਥਾਨ ਰੱਖਦੀਆ ਹਨ। ਇਨ੍ਹਾ ਤੋਂ ਇਲਾਵਾ ਗੂਗਲ+ਪਲੱਸ, ਟਵੀਟਰ, ਆਦਿ ਅਨੇਕਾ ਸੋਸਲ ਸਾਈਟਾ ਹਨ ਜਿਨ੍ਹਾ ਰਾਹੀ ਲੋਕ ਆਪਣੇ ਵਿਚਾਰਾ ਦਾ ਅਦਾਨ ਪ੍ਰਦਾਨ ਕਰਦੇ ਹਨ।

ਹਰ ਵਿਅਕਤੀ ਲੇਖਕ ਨਹੀ ਹੁੰਦਾ ਜੋ ਵੱਡੇ-ਵੱਡੇ ਆਰਟੀਕਲਜ ਜਾਂ ਲੇਖ ਲਿਖ ਕੇ ਉਨ੍ਹਾਂ ਨੂੰ ਅਖਬਾਰ ਮੈਗਜੀਨ ਵਿੱਚ ਛਪਵਾ ਸਕੇ, ਹਰ ਵਿਅਕਤੀ ਪੱਤਰਕਾਰ ਹੁੰਦਾ ਜੋ ਆਪਣੇ ਇਰਦ ਗਿਰਦ ਹੋ ਰਹੀਆਂ ਜਿਆਦਤੀਆਂ ਨੂੰ ਪੇਪਰ ਜਾਂ ਚੈਨਲ ਤੇ ਦੇ ਸਕੇ। ਹਰ ਵਿਅਕਤੀ ਆਪਣੇ ਦਿਲ ਦੀ ਗੱਲ ਅਖਬਾਰ, ਮਿਗਜੀਨ ਜਾਂ ਚੈਨਲਾ ਰਾਹੀਂ ਲੋਕਾਂ ਨਾਲ ਸਾਂਝੀ ਨਹੀਂ ਕਰ ਸਕਦਾ। ਮੀਡੀਆ ਅਜਾਦ ਹੋ ਕੇ ਵੀ ਅਜਾਦ ਨਹੀਂ ਹੈ। ਮੀਡੀਆ ਉੱਪਰ ਕੁਝ ਵੱਡੇ ਲੋਕਾ ਦਾ ਕਬਜਾ ਹੈ, ਕੁੱਝ ਮੀਡੀਆ ਵਿਕਾਊ ਹੈ ਚਾਹੇ ਉਸ ਦੀ ਮਜਬੂਰੀ ਹੈ ਚਾਹੇ ਲਾਲਚ। ਇਸ ਸਥਿਤੀ ਵਿੱਚ ਮੀਡੀਆ ਤੱਕ ਪਹੁੰਚਣਾ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਰਹੀਂ। ਇਸ ਲਈ ਸੋਸਲ ਮੀਡੀਆ ਰਾਹੀਂ ਹੀ ਹਰ ਬੰਦਾ ਆਪਣੇ ਦਿਲ ਦੀ ਗੱਲ ਆਪਣੇ ਸੱਜਣਾ ਮਿੱਤਰਾ ਨਾਲ ਸੇਅਰ ਕਰ ਸਕਦਾ ਹੈ। ਸੋਸਲ ਸਾਈਟ ਰਾਹੀਂ ਆਪਣੇ ਦਿਲ ਦੀ ਭੜਾਸ ਕੱਢੀ ਜਾ ਸਕਦੀ ਹੈ। ਲੋਕ ਲੀਡਰਾ ਦੀਆਂ ਪੁਠੀਆਂ ਸਿੱਧੀਆਂ ਫੋਟੋ ਬਣਾ ਕੇ ਉਸ ਨਾਲ ਕੋਈ ਵਿਅੰਗ ਜੋੜ ਕੇ ਉਸ ਨੂੰ ਸੋਸਲ ਸਾਈਟਾ ਦੇ ਜਰੀਏ ਲੋਕਾ ਤੱਕ ਪਹੁੰਚਾਉਂਦੇ ਹਨ ਇਹ ਦਿਲ ਦੀ ਭੜਾਸ ਹੀ ਤਾਂ ਹੈ। ਜਿਸ ਗੱਲ ਨੂੰ ਕੋਈ ਸਿਧੇ ਤਰੀਕੇ ਨਹੀਂ ਆਖ ਸਕਦਾ ਉਸ ਨੂੰ ਸੋਸਲ ਸਾਈਟਾ ਰਾਹੀਂ ਹੀ ਬਿਆਨ ਕੀਤਾ ਜਾ ਸਕਦਾ ਹੈ।

ਅੱਜ ਕੱਲ੍ਹ ਸੋਸਲ ਮੀਡੀਆ ਮਨੁੱਖ ਦਾ ਇਕ ਜਰੂਰੀ ਅੰਗ ਬਣ ਚੁੱਕਾ ਹੈ। ਇਨਸਾਨ ਪਿਆਸ ਤੇ ਭੁੱਖ ਕੱਟ ਲਊ ਪਰ ਇੰਟਰਨੈਟ ਤੋਂ ਬਿਨਾ ਨਹੀਂ ਸਾਰਦਾ। ਜਿਥੇ ਇਸ ਦੀ ਵਰਤੋਂ ਕੁਝ ਕੁ ਸਹੀ ਕੰਮਾ ਤੇ ਹੋ ਰਹੀ ਹੈ ਉਥੇ ਇਸ ਦੀ ਦੁਰਵਰਤੋਂ ਵੀ ਹੋ ਰਹੀਂ ਹੈ। ਹਰ ਸਿਆਸੀ ਪਾਰਟੀ ਪੂਰੇ ਜੋਰ ਸੋਰ ਨਾਲ ਇਸ ਸੋਸਲ ਮੀਡੀਆ ਰਾਹੀਂ ਗੁਮਰਾਹਕੁੰਨ ਪ੍ਰਚਾਰ ਕਰ ਰਹੀਂ ਹੈ। ਵਟਸਐਪ ਰਾਹੀਂ ਆ ਰਹੇ ਗਲਤ ਮਿਸਜ ਬਿਨਾ ਸੋਚੇ ਫਾਰਵਰਡ ਕਰ ਰਹੇ ਹਨ ਮੁਸਕਰ ਇਹ ਸੋਚ ਦਾ ਹੀ ਨਹੀਂ ਇਸ ਦਾ ਅਗਾਂਹ ਕੀ ਪ੍ਰਭਾਵ ਪਵੇਗਾ।

ਸੋਸਲ ਮੀਡੀਆ ਅੱਜ-ਕਲ੍ਹ ਅਫਵਾਹਾ ਦਾ ਕੇਂਦਰ ਬਣ ਚੁੱਕਾ ਹੈ ਇਹ ਮੰਨਣਾ ਪਵੇਗਾ। ਸਾਨੂੰ ਇਕ ਜੁੰਮੇਵਾਰ ਨਾਗਰਿਕ ਬਣ ਕੇ ਸੋਸਲ ਮੀਡੀਆ ਰਾਹੀਂ ਕੀਤਾ ਜਾ ਰਿਹਾ ਕੂੜ ਪ੍ਰਚਾਰ ਬੰਦ ਕਰਨਾ ਪਵੇਗਾ। ਕਿਸੇ ਸਿਆਸੀ ਵਿਅਕਤੀ ਦੀ ਗਲਤ ਢੰਗ ਨਾਲ ਬਣਾਈ ਅਸਲੀਲ ਫੋਟੋ ਪਾਉਣ ਤੋਂ ਵੀ ਗੁਰੇਜ ਕਰਨਾ ਚਾਹੀਦਾ ਹੈ। ਇਹ ਸਾਡੀ ਮਰਿਆਦਾ ਨਹੀਂ। ਸੋਸਲ ਮੀਡੀਆ ਦਾ ਪ੍ਰਯੋਗ ਸਾਨੂੰ ਚੰਗੇ ਕੰਮਾ ਲਈ ਕਰਨਾ ਚਾਹੀਦਾ ਹੈ ਇਸ ਵਿਚ ਵਿਦਿਆਰਥੀਆ ਲਈ ਗਿਆਨ ਭਰਭੂਰ ਸੰਮਗਰੀ ਵੀ ਹੈ ਲੇਖਕਾ ਅਤੇ ਆਲੋਚਕਾ ਲਈ ਉਸਾਰੂ ਬਹਿਸ ਦਾ ਇਕ ਬਹੁਤ ਵੱਡਾ ਪਲੇਟਫਾਰਮ ਹੈ। ਸੋ ਲੋੜ ਹੈ ਸਾਨੂੰ ਆਤਮ ਚਿੰਤਨ ਕਰਨ ਦੀ ਤਾਂ ਜੋ ਸੋਸਲ ਮੀਡੀਆ ਦੀ ਦੁਰਵਰਤੋਂ ਰੁਕ ਸਕੇ।

ਜੇਕਰ ਸਿਆਸੀ ਪਾਰਟੀਆ ਆਪਣੇ ਪ੍ਰਚਾਰ ਲਈ ਸੋਸਲ ਮੀਡੀਆ ਦਾ ਸਹਾਰਾ ਲਿਦੀਆ ਹਨ ਤਾਂ ਇਹ ਉਨ੍ਹਾ ਦਾ ਅਧਿਕਾਰ ਹੈ, ਉਨ੍ਹਾ ਦਾ ਰਾਈਟ ਹੈ। ਸਿਆਸੀ ਪਾਰਟੀਆ ਤਾਂ ਵੋਟਾ ਲਈ ਸਰਾਬਾ ਵੰਡਣ, ਪੈਸੇ ਵੰਡਣ, ਝੂਠੇ-ਸੱਚੇ ਕੇਸ ਪਵਾਉਣ ਤੱਕ ਕਰਦੀਆ ਹਨ। ਉਨ੍ਹਾ ਨਾਲੋ ਤਾਂ ਚੰਗਾ ਹੈ ਕਿ ਸੋਸਲ ਮੀਡੀਆ ਰਾਹੀਂ ਆਪਣੀ ਬਿਆਨ ਬਾਜੀ ਕਰੀ ਜਾਣ। ਵੋਟ ਕਿਸ ਨੂੰ ਪਾਉਣੀ ਹੈ ਇਹ ਸੋਚਣਾ ਵੋਟਰ ਦਾ ਕੰਮ ਹੈ ਉਸ ਦਾ ਅਧਿਕਾਰ ਹੈ। ਸਭ ਦੇ ਵਿਚਾਰ ਜਾਣ ਕੇ ਹੀ ਵੋਟਰ ਵਧੀਆ ਲੀਡਰ ਦੀ ਚੋਣ ਕਰ ਸਕਦਾ ਹੈ। ਪਿਛਲੇ ਕੁੱਝ ਸਮੇਂ ਦੌਰਾਨ ਜੇਕਰ ਵੋਟਰ ਜਾਗਰੁਕ ਹੋਏ ਹਨ ਤਾਂ ਇਹ ਸਭ ਸੋਸਲ ਮੀਡੀਆ ਦੀ ਹੀ ਦੇਣ ਹੈ। ਵਧੀਆ ਲੀਡਰਾ ਦਾ ਲੋਕਾ ਨੇ ਆਪਣੇ ਆਪ ਹੀ ਪ੍ਰਚਾਰ ਕੀਤਾ। ਇਸ ਵਿੱਚ ਸਭ ਤੋਂ ਵੱਡਾ ਰੋਲ ਸੋਸਲ ਮੀਡੀਆ ਦਾ ਹੀ ਹੈ।


ਵਟਸਐਪ, ਫੇਸਬੁੱਕ ਜਾ ਕਿਸੇ ਹੋਰ ਸੋਸਲ ਮੀਡੀਆ ਰਾਹੀਂ ਗਲਤ ਮੈਸਿਜ ਭੇਜਣਾ ਅਤੇ ਬਿਨਾ ਸੋਚੇ ਵਿਚਾਰੇ ਗੰਦੀ ਵੀ ਮੈਸਿਜ ਫਾਰਵਰਡ ਕਰੀ ਜਾਣਾ ਹਰੇਕ ਲਈ ਘਾਤਕ ਹੋ ਸਕਦਾ ਹੈ। ਸਿਰਫ ਇੰਨਟਰਟੇਨਮੈਂਟ ਲਈ ਭੇਜੇ ਜਾਣ ਵਾਲੇ ਮੈਸੇਜ ਵਿੱਚ ਵੀ ਇਹ ਦੇਖਣ ਦੀ ਲੋੜ ਹੈ ਕਿ ਅਸੀਂ ਜੋ ਵੀ ਫੋਟੋ, ਵੀਡੀਓ ਜਾਂ ਕਲਿਪ ਸੈਂਡ ਕਰ ਰਹੇ ਹਾਂ ਉਸ ਦੇ ਨਾਲ ਕੋਈ ਗਲਤ ਸੰਦੇਸ ਤਾਂ ਅੱਗੇ ਨਹੀਂ ਜਾ ਰਿਹਾ ਜਿਸ ਨਾਲ ਕੋਈ ਝੂਠੀ ਅਫਵਾ ਫੈਲ ਰਹੀ ਹੋਵੇ।

ਆਮ ਲੋਕ ਜੋ ਆਪਣੇ ਬਿਜਨੈਸ ਦੇ ਇਸ਼ਤਿਹਾਰ ਸੋਸਲ ਮੀਡੀਆ ਤੇ ਦੇ ਕੇ ਫਾਇਦਾ ਉਠਾ ਰਹੇ ਹਨ ਤਾਂ ਇਹ ਆਮ ਲੋਕਾ ਲਈ ਵਰਦਾਨ ਹੈ। ਆਮ ਲੋਕ ਆਪਣੀਆ ਕੀੜੀਆ ਗਈਆ ਗਤੀਵਿਧੀਆ, ਆਪਣੀ ਖੁਸੀਂ ਗਮੀ ਜੇਕਰ ਸੋਸਲ ਮੀਡੀਆ ਰਾਹੀਂ ਆਪਣੇ ਸੱਜਣਾ ਮਿੱਤਰਾ ਨਾਲ ਸੇਅਰ ਕਰ ਰਹੇ ਹਨ ਤਾਂ ਇਹ ਉਹਨਾ ਦੇ ਨਿਜੀ ਅਧਿਕਾਰ ਹਨ ਜਿਸ ਜਰੀਏ ਉਹ ਮਾਨਸਿਕ ਸੰਤੁਸਟੀ ਹਾਸਲ ਕਰਦੇ ਹਨ। ਵੈਸੇ ਵੀ ਕਿਹਾ ਜਾਦਾ ਹੈ ਕਿ ਖੁਸੀਂ ਵੰਡਣ ਨਾਲ ਵਧਦੀ ਹੈ ਅਤੇ ਦੁੱਖ ਵੰਡਣ ਨਾਲ ਘਟਦੇ ਹਨ। ਅੱਜ ਦੇ ਬਿਜੀ ਟਾਈਮ ਵਿੱਚ ਆਪਣੀ ਖੁਸੀਂ ਗਮੀ ਸੋਸਲ ਮੀਡੀਆ ਰਾਹੀਂ ਹੀ ਤਾਂ ਸੇਅਰ ਕੀਤੀ ਜਾ ਸਕਦੀ ਹੈ। ਨਿੱਜੀ ਤੌਰ ਤੇ ਕਿਸੇ ਨੂੰ ਵੀ ਮਿਲ ਕੇ ਦੁੱਖ-ਸੁੱਖ ਸਾਂਝੇ ਕਰਨ ਦਾ ਕਿਸੇ ਕੋਲ ਟਾਈਮ ਕਿਥੇ ਹੈ। ਨਜਰੀਆ ਆਪੋ ਆਪਣਾ ਹੈ ਜਿਸ ਵੀ ਚੀਜ ਨੂੰ ਜਿਸ ਵੀ ਨਿਗਾ ਨਾਲ ਵੇਖ ਲਵੋ ਉਹ ਉਹੋ ਜਿਹੀ ਹੀ ਨਜਰ ਆਏਗੀ। ਸੋਸਲ ਮੀਡੀਆ ਦੇ ਉਸਾਰੂ ਪੱਖ ਵੱਲ ਨਜਰ ਮਾਰੋ ਤਾਂ ਇਹ ਆਪਣੇ ਭੈਣਾ-ਭਰਾਵਾ ਤੇ ਸੱਜਣਾ ਮਿੱਤਰਾ ਨੂੰ ਇੱਕ ਦੂਸਰੇ ਦੇ ਨੇੜੇ ਰੱਖਣ ਲਈ ਵਰਦਾਨ ਹੀ ਹੈ।

ਭਵਨਦੀਪ ਸਿੰਘ

## ਨਜ਼ਰੀਆ ਆਪੋ ਆਪਣਾ ...!

ਕੁਲਵਿੰਦਰ ਤਾਰੇਵਾਲਾ, ਮੋਗਾ



## ਮੱਚਦੇ ਸਿਵੇ ਤੇ ਪਰੌਠੇ ਨਾ ਸੇਕੋ



ਕਿਸਾਨ ਇਸ ਵਕਤ ਬਹੁਤ ਜ਼ਿਆਦਾ ਦੁੱਖੀ ਤੇ ਨਰਾਜ਼ਗੀ 'ਚ ਹੈ। ਸਿਆਸਤਦਾਨਾ ਵੱਲੋਂ ਕਮਾਇਆ ਧ੍ਰੋਹ ਕਰਕੇ ਉਹ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਡੇਢ ਦਰਜਨ ਦੇ ਕਰੀਬ ਕਿਸਾਨ ਯੂਨੀਅਨਾਂ ਹਨ ਪਰ ਹੁਣ ਇਸ ਵਕਤ ਸਭ ਗਿਲੇ ਸ਼ਿਕਵੇ ਭੁਲਾ ਕੇ ਹਾਕਮਾਂ ਨੂੰ ਵਖਤ ਪਾ ਰਹੀਆਂ ਹਨ ਸਰਕਾਰ ਨੂੰ ਸੋਚਣ ਲਈ ਮਜਬੂਰ ਕਰ ਰਹੀਆ ਹਨ।

ਰਾਜਨੇਤਾ ਵੀ ਤੇਲ ਦੀ ਧਾਰ ਵੇਖ ਕੇ ਪਾਸਾ ਪਲਟ ਰਹੇ ਹਨ। ਜੋ ਅਸਤੀਫ਼ਿਆਂ ਦੀ ਖੇਡ ਖੇਡੀ ਜਾ ਰਹੀ ਹੈ ਕਿਸਾਨ ਬਚਾਉਣ ਲਈ ਨਹੀਂ ਆਪਣਾ ਸਿਆਸੀ ਕੈਰੀਅਰ ਬਚਾਉਣ ਲਈ ਖੇਡੀ ਜਾ ਰਹੀ ਹੈ। ਪਿਛਲੇ ਦੋ ਕੁ ਦਿਨਾਂ ਤੋਂ ਨੌਜਵਾਨ ਧਰਨਿਆਂ ਚ ਆ ਕੇ ਬੈਠ ਗਏ ਹਨ । ਬਾਪੂ ਵੀ ਹੋਰ ਹੌਸਲੇ ਨਾਲ ਤਕੜੇ ਹੋ ਕੇ ਨਾਹਰੇ ਮਾਰਦੇ ਹਨ। ਖੇਤੀ ਕਰਨ ਵਾਲੇ ਹਰ ਵਿਅਕਤੀ ਨੂੰ ਪਤਾ ਲੱਗ ਗਿਆ ਹੈ ਕਿ ਮੋਦੀ ਸਰਕਾਰ ਨੇ ਸਾਡੇ ਗੱਲ ਵਿੱਚ ਬਿੱਲ ਪਾਸ ਕਰਕੇ ਮੋਟਾ ਰੱਸਾ ਪਾ ਦਿੱਤਾ ਹੈ ਇਸ ਰੱਸੇ ਨੂੰ ਪਾਉਣ ਵਿੱਚ ਸਹਾਇਤਾ ਬਾਦਲ ਤੇ ਕੈਪਟਨ ਸਰਕਾਰ ਨੇ ਕੀਤੀ ਹੈ।

ਚੁਸਤ ਸਿਆਸੀ ਨੇਤਾ ਹੁਣ ਝੂਠੀ ਹਮਦਰਦੀ ਬਟੋਰ ਰਹੇ ਹਨ ਆਪ ਹੀ ਕਿਰਸਾਨੀ ਦਾ ਸੱਥਰ ਵਿਛਾ ਕੇ ਹੁਣ ਭੋਲੇ ਅੰਨਦਾਤੇ ਦੀ ਬਾਂਹ ਫੜਨ ਦੀ ਹਾਮੀ ਭਰ ਰਹੇ ਹਨ ਜੋ ਸਭ ਸਿਆਸੀ ਡਰਾਮੇ ਹਨ। ਜ਼ਖ਼ਮੀਆ 'ਚ ਲੂਣ ਤਾਂ ਪਾ ਦਿੱਤਾ ਹੁਣ ਝੂਠੇ ਦਿਲਾਸਿਆਂ ਤੇ ਬਗਲਗੀਰ ਹੋਣ ਦਾ ਕੀ ਫ਼ਾਇਦਾ।

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਸਿਓਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਜੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਅੰਦਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਣ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫ਼ਾ ਨਾਲ ਹੋਵੇਗਾ। 3. ਰਚਨਾਵਾਂ ਪੰਨੇ ਦੇ ਇਕ ਪਾਸੇ ਸਾਫ਼ ਸਾਫ਼ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਈਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ਼ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।




# ਭਗਤ ਨਾਮਦੇਵ ਜੀ ਦਾ ਜਨਮ ਅਸਥਾਨ ਨਰਸੀ ਨਾਮਦੇਵ







ਪਿਆਰੇ ਪਾਠਕੋ। ਇਸ ਵਾਰੀ ਅਸੀਂ ਆਪ ਜੀ ਨੂੰ ਭਗਤ ਨਾਮਦੇਵ ਜੀ ਦੇ ਜਨਮ ਅਸਥਾਨ ਦੇ ਬਾਰੇ ਜਾਣਕਾਰੀ ਦਿਆਂਗੇ। ਭਗਤ ਨਾਮਦੇਵ ਜੀ ਦਾ ਜਨਮ ਮਹਾਂਰਾਸ਼ਟਰ ਸੂਬੇ ਦੇ ਪਿੰਡ ਨਰਸੀ ਬਾਮਣੀ ਵਿਖੇ ਪਿਤਾ ਦਾਮ ਸ਼ੇਟੀ ਦੇ ਘਰ ਮਾਤਾ ਗੋਨਾਬਾਈ ਜੀ ਦੇ ਉਦਰ ਤੋਂ ਸੰਮਤ 1328 ਵਿਚ ਹੋਇਆ ਸੀ। ਭਗਤ ਜੀ ਦੀ ਸ਼ਾਦੀ ਗੋਵਿੰਦ ਸ਼ੇਟੀ ਜੀ ਦੀ ਬੇਟੀ ਰਾਜਾਬਾਈ ਜੀ ਨਾਲ ਹੋਈ ਤੇ ਆਪ ਜੀ ਦੇ ਘਰ ਪੰਜ ਬੱਚੇ ਪੈਦਾ ਹੋਏ। ਚਾਰ ਪੁੱਤਰ ਨਾਰਾਇਣ, ਮਹਾਂਦੇਵ, ਗੋਵਿੰਦ ਅਤੇ ਵਿੱਠਲ ਅਤੇ ਇਕ ਪੁੱਤਰੀ ਬੀਬੀ ਲਿੰਬਾ ਬਾਈ ਜੀ, ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ ਕਿ ਭਗਤ ਜੀ ਦੀ ਪਹਿਲੀ ਅਵਸਥਾ ਠਗ ਅਤੇ ਵਿਸ਼ਨੂੰ ਦੀ ਪੂਜਾ ਵਿਚ ਬੀਤੀ ਪਰ ਵਿਸੋਬਾ ਖੇਚਰ ਅਤੇ ਗਿਆਨਦੇਵ ਜੀ ਵਰਗੇ ਮਹਾਂਪੁਰਖਾਂ ਦੀ ਸੰਗਤ ਵਿਚ ਰਹਿ ਕੇ ਆਪ ਜੀ ਨੂੰ ਆਤਮਗਿਆਨ ਦੀ ਪ੍ਰਾਪਤੀ ਹੋਈ। ਆਪ ਜੀ ਦੀ ਉਮਰ ਦਾ ਵੱਡਾ ਹਿੱਸਾ ਪੰਢਰਪੁਰ ਜਾਂ ਪੁੰਡਰੀਪੁਰ (ਜ਼ਿਲ੍ਹਾ ਸ਼ੋਲਾਪੁਰ) ਵਿਖੇ ਬੀਤਿਆ। ਆਪ ਜੀ ਦੇ ਰਚੇ ਹੋਏ ਬਹੁਤ ਸਾਰੇ ਪਦ ਜਿਨ੍ਹਾਂ ਨੂੰ ਅਭੰਗ ਕਿਹਾ ਜਾਂਦਾ ਹੈ, ਮਰਾਠੀ ਭਾਸ਼ਾ ਵਿਚ ਮਿਲਦੇ ਹਨ ਤੇ ਬਹੁਤ ਪ੍ਰਸਿੱਧ ਹਨ। ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਆਪ ਜੀ ਦਾ ਜਿਸ ਮਕਾਨ ਵਿਚ ਜਨਮ ਹੋਇਆ ਸੀ, ਉਸਦੇ ਅੰਦਰਲੇ ਹਿੱਸੇ ਨੂੰ ਅਜੇ ਤੱਕ ਪੁਰਾਤਨ ਰੂਪ ਵਿਚ ਹੀ ਸਾਂਭਿਆ ਹੋਇਆ ਹੈ। ਭਗਤ ਨਾਮਦੇਵ ਜੀ ਦੇ ਇਸ ਮਕਾਨ ਦੀ ਸਾਂਭ ਸੰਭਾਲ ਇਕ ਤੇਲੀ ਪਰਿਵਾਰ ਨੇ ਕੀਤੀ ਸੀ। ਬਾਅਦ ਵਿਚ ਉਸਦੀ ਔਲਾਦ ਵਧਦੀ ਗਈ ਤੇ ਛੇ ਪਰਿਵਾਰ ਹੋ ਗਏ ਸਨ, ਜੋ ਕਿ ਹੁਣ ਤੱਕ ਇੱਥੇ ਰਹਿੰਦੇ ਰਹੇ। ਭਗਤ ਜੀ ਦੀ ਯਾਦਗਾਰ ਨੂੰ ਹਾਸਲ ਕਰਨ ਲਈ ਇਹ ਮਕਾਨ ਖਾਲੀ ਕਰਵਾਉਣ ਵਾਸਤੇ 6 ਮਕਾਨ ਬਾਹਰ ਬਣਾ ਕੇ ਦੇਣੇ ਪਏ। ਇਨ੍ਹਾਂ ਪਰਿਵਾਰਾਂ ਨੇ ਪੁਰਾਣੇ ਇਤਿਹਾਸ ਨੂੰ ਚੰਗੀ ਤਰ੍ਹਾਂ ਸਾਂਭ ਕੇ ਰੱਖਿਆ, ਜੋ ਕਿ ਇਕ ਚੰਗੀ ਗੱਲ ਹੈ। ਜਦੋਂ ਅਸੀਂ ਤੰਗ ਜਿਹੀਆਂ ਗਲੀਆਂ ਵਿਚੋਂ ਹੁੰਦੇ ਹੋਏ ਭਗਤ ਨਾਮਦੇਵ ਜੀ ਦੇ ਜਨਮ ਅਸਥਾਨ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਇਸ ਮਕਾਨ ਦੇ ਅੰਦਰ ਲਗਭਗ 5 ਕੁ ਫੁੱਟ ਉੱਚਾ ਤੇ 6 ਕੁ ਫੁੱਟ ਚੌੜਾਈ ਵਾਲਾ ਇਕ ਛੋਟਾ ਜਿਹਾ ਭੋਰਾਨੁਮਾ ਛੋਟਾ ਕਮਰਾ ਤਿਆਰ ਕੀਤਾ ਹੋਇਆ ਨਜ਼ਰੀਂ ਪੈਂਦਾ ਹੈ। ਜੇਕਰ ਸੌਖੇ ਸ਼ਬਦਾਂ ਵਿਚ ਸਮਝਾਉਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਜਿਵੇਂ ਪਿੰਡਾਂ ਵਿਚ ਬਿਸਕੁਟ ਬਣਾਉਣ ਵਾਲੇ ਭੱਠੀ ਲਈ ਇਕ ਭੱਠੀ ਤਿਆਰ ਕਰਦੇ ਸਨ, ਉਸੇ ਤਰ੍ਹਾਂ ਦਾ ਇਹ ਭੋਰਾਨੁਮਾ ਅਸਥਾਨ ਭਗਤ ਨਾਮਦੇਵ ਜੀ ਦੇ ਜੱਦੀ ਮਕਾਨ ਵਿਚ ਬਣਿਆ ਹੋਇਆ ਹੈ। ਇਸ ਥਾਂ 'ਤੇ ਮੌਜੂਦ ਸੇਵਾਦਾਰ ਕੋਲੋਂ ਜਦੋਂ ਅਸੀਂ ਇਸ ਭੋਰਾਨੁਮਾ ਅਸਥਾਨ ਬਾਰੇ ਪੁੱਛਿਆ ਤਾਂ ਉਨ੍ਹਾਂ ਸਾਨੂੰ ਬਹੁਤ ਹੀ ਦਿਲਚਸਪ ਗੱਲ ਦੱਸੀ। ਸੇਵਾਦਾਰ ਨੇ ਦੱਸਿਆ ਕਿ ਕਈ ਸੌ ਸਾਲ ਪਹਿਲਾਂ ਜਦੋਂ ਭਗਤ ਜੀ ਦਾ ਜਨਮ ਹੋਇਆ ਸੀ, ਉਸ ਵੇਲੇ ਡਾਕਟਰੀ ਸਹੂਲਤਾਂ ਬਹੁਤ ਘੱਟ ਹੁੰਦੀਆਂ ਸਨ। ਉਸ ਵੇਲੇ ਇਸ ਇਲਾਕੇ ਵਿਚ ਇਹ ਪ੍ਰਥਾ ਪ੍ਰਚੱਲਿਤ ਸੀ ਕਿ ਜਦੋਂ ਕੋਈ ਬੱਚਾ ਜਨਮ ਲੈਂਦਾ ਸੀ ਤਾਂ ਉਸ ਵੇਲੇ ਮਕਾਨ ਦੇ ਅੰਦਰ ਹੀ ਇਕ ਜਗ੍ਹਾ 'ਤੇ ਭੋਰਾ ਜਿਹਾ ਪੁੱਟ ਲਿਆ ਜਾਂਦਾ, ਜਿਸ ਨੂੰ ਪੱਥਰਾਂ ਰਾਹੀਂ ਪੱਕਾ ਕਰ ਲਿਆ ਜਾਂਦਾ ਅਤੇ ਬਾਅਦ ਵਿਚ ਜੱਚਾ ਤੇ ਬੱਚਾ ਨੂੰ ਇਸ ਭੋਰਾਨੁਮਾ ਅਸਥਾਨ ਵਿਚ ਲਗਭਗ 40 ਦਿਨਾਂ ਲਈ ਰੱਖਿਆ ਜਾਂਦਾ। ਇਸ ਪਿੱਛੇ ਮੁੱਖ ਮਕਸਦ ਇਹ ਹੁੰਦਾ ਸੀ ਕਿ ਜੱਚਾ ਜਾਂ ਬੱਚਾ ਨੂੰ ਬਾਹਰ ਦੀ ਪ੍ਰਦੂਸ਼ਿਤ ਹਵਾ ਜਾਂ ਵਾਤਾਵਰਣ ਦੀ ਕਿਸੇ ਤਬਦੀਲੀ ਕਾਰਨ ਕੋਈ ਇਨਫੈਕਸ਼ਨ ਨਾ ਹੋ ਜਾਵੇ। ਉਨ੍ਹਾਂ ਦੀ ਮਾਤਾ ਜੀ ਨੂੰ ਵੀ ਇਸ ਭੋਰਾਨੁਮਾ ਅਸਥਾਨ ਵਿਚ ਸਵਾ ਮਹੀਨੇ ਲਈ ਰੱਖਿਆ ਗਿਆ ਸੀ ਤੇ ਇਹ ਪੁਰਾਤਨ ਅਸਥਾਨ ਹੈ, ਜੋ ਕਿ ਭਗਤ ਨਾਮਦੇਵ ਜੀ ਦੇ ਸ਼ਰਧਾਲੂਆਂ ਲਈ ਪੂਜਣਯੋਗ ਅਸਥਾਨ ਹੈ। ਪਿੰਡ ਨਰਸੀ ਨਾਮਦੇਵ ਦੀ ਜੂਹ ਵਿਚੋਂ ਕਿਆਧੂ ਨਾਂ ਦੀ ਨਦੀ ਵੀ ਲੰਘਦੀ ਹੈ। ਇਸ ਨਦੀ ਦੇ ਕਿਨਾਰੇ 'ਤੇ ਪੁਰਾਤਨ ਮੰਦਰ ਬਣੇ ਹੋਏ ਹਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਅਸਥਾਨ 'ਤੇ ਭਗਤ ਨਾਮਦੇਵ ਜੀ ਭਗਤੀ ਕਰਿਆ ਕਰਦੇ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਭਗਤ ਨਾਮਦੇਵ ਜੀ ਅਤੇ ਇਸ ਇਲਾਕੇ ਦੇ ਹੋਰ ਸ਼ਰਧਾਲੂਆਂ ਦਾ ਖ਼ਾਨਦਾਨੀ ਮੰਦਰ ਹੁੰਦਾ ਸੀ। ਦੱਸਿਆ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਦੇ ਪਿਤਾ ਜੀ ਵੀ ਭਗਤ ਬਿਰਤੀ ਦੇ ਮਾਲਕ ਸਨ ਅਤੇ ਬਹੁਤ ਹੀ ਸ਼ਰਧਾ ਤੇ ਭਗਤੀ ਨਾਲ ਰੋਜ਼ਾਨਾ ਕੀਰਤਨ ਕਰਦੇ ਫਿਰ ਦੇ ਕੇਸ਼ੀ ਰਾਜ (ਵਿਸ਼ਨੂੰ ਭਗਵਾਨ) ਨੂੰ ਭੋਗ ਲਗਾਉਣ ਤੋਂ ਬਾਅਦ ਹੀ ਅੰਨ- ਜਲ ਛਕਿਆ ਕਰਦੇ ਸਨ। ਇਕ ਦਿਨ ਕਿਸੇ ਕਾਰ-ਵਿਹਾਰ ਦੇ ਸਿਲਸਿਲੇ ਵਿਚ ਭਗਤ ਨਾਮਦੇਵ ਜੀ ਦੇ ਪਿਤਾ ਦਾਮ ਸ਼ੇਟੀ ਜੀ ਨੂੰ ਦੂਰ ਕਿਸੇ ਪਿੰਡ ਵਿਚ ਜਾਣਾ ਪੈ ਗਿਆ। ਆਪਣੇ ਪਿੱਛੋਂ ਉਹ ਭਗਵਾਨ ਦੀ ਮੂਰਤੀ ਨੂੰ ਭੋਗ ਲਗਵਾਉਣ ਦੀ ਡਿਊਟੀ ਭਗਤ ਨਾਮਦੇਵ ਜੀ ਦੀ ਲਗਾ ਗਏ। ਭਗਤ ਨਾਮਦੇਵ ਜੀ ਉਦੋਂ ਬਾਲ ਅਵਸਥਾ ਵਿਚ ਸਨ। ਭਗਤ ਨਾਮਦੇਵ ਜੀ ਨੇ ਭੋਜਨ ਦਾ ਸਮਾਂ ਹੋਣ 'ਤੇ ਥਾਲੀ ਵਿਚ ਭੋਜਨ ਪਰੋਸਿਆ ਅਤੇ ਬੜੀ ਸ਼ਰਧਾ ਨਾਲ ਇਹ ਥਾਲੀ ਲੈ ਕੇ ਭਗਵਾਨ ਕੇਸ਼ੀ ਰਾਜ ਜੀ ਦੇ ਮੰਦਰ ਵਿਚ ਜਾ ਪਹੁੰਚੇ। ਮੰਦਰ ਵਿਚ ਉਨ੍ਹਾਂ ਭਗਵਾਨ ਦੀ ਮੂਰਤੀ ਅੱਗੇ ਭੋਜਨ ਦੀ ਥਾਲੀ ਰੱਖ ਕੇ ਬਹੁਤ ਸ਼ਰਧਾ ਭਾਵਨਾ ਨਾਲ ਭਗਤੀ ਕਰਨੀ ਸ਼ੁਰੂ ਕਰ ਦਿੱਤੀ ਅਤੇ ਕਿਹਾ ਕਿ ਹੇ ਭਗਵਾਨ ਭੋਜਨ ਨੂੰ ਭੋਗ ਲਗਾਓ। ਭਗਤ ਨਾਮਦੇਵ ਜੀ ਇਹ ਦੇਖ ਕੇ ਬਹੁਤ ਹੀ ਹੈਰਾਨ ਰਹਿ ਗਏ ਕਿ ਭਗਵਾਨ ਕੇਸ਼ੀ ਰਾਜ ਦੀ ਮੂਰਤੀ ਨਾ ਤਾਂ ਹਿੱਲੀ-ਡੁੱਲੀ ਅਤੇ ਨਾ ਹੀ ਪ੍ਰਸ਼ਾਦ ਛਕਿਆ। ਬਾਲ ਨਾਮਦੇਵ ਜੀ ਦੇ ਮਨ ਵਿਚ ਸ਼ੰਕਾ ਉਪਜੀ ਕਿ ਇਹ ਤਾਂ ਕੋਈ ਵੱਡਾ ਹੀ ਅਨਰਥ ਹੋਣ ਵਾਲਾ ਹੈ। ਉਨ੍ਹਾਂ ਸੋਚਿਆ ਕਿ ਸ਼ਾਇਦ ਰੋਜ਼ਾਨਾ ਉਨ੍ਹਾਂ ਦੇ ਪਿਤਾ ਜੀ ਦੇ ਹੱਥੋਂ ਭਗਵਾਨ ਜੀ ਪ੍ਰਸ਼ਾਦ ਛਕਦੇ ਹਨ ਤਾਂ ਅੱਜ ਉਨ੍ਹਾਂ ਦੇ ਹੱਥ ਤੋਂ ਪ੍ਰਸ਼ਾਦ ਕਿਉਂ ਨਹੀਂ ਛਕ ਰਹੇ। ਉਨ੍ਹਾਂ ਭਗਵਾਨ ਅੱਗੇ ਬਹੁਤ ਅਰਦਾਸਾਂ ਕੀਤੀਆਂ ਅਤੇ ਸਿਦਕ ਦਿਲੀ ਨਾਲ ਬੇਨਤੀਆਂ ਕਰਨ ਲੱਗ ਪਏ ਪਰ ਫੇਰ ਵੀ ਭਗਵਾਨ ਨੇ ਪ੍ਰਸ਼ਾਦ ਨਹੀਂ ਛਕਿਆ। ਅਖੀਰ ਭਗਤ ਨਾਮਦੇਵ ਜੀ ਨੇ ਇਕ ਕੌਲੀ ਵਿਚ ਦੁੱਧ ਪਾ ਕੇ ਤੇ ਪ੍ਰਸ਼ਾਦ ਦੀ ਥਾਲੀ ਅੱਗੇ ਰੱਖ ਕੇ ਦ੍ਰਿੜ੍ਹਤਾ ਨਾਲ ਭਗਵਾਨ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੇਰੇ ਹੱਥ ਤੋਂ ਤੁਸੀਂ ਇਹ ਦੁੱਧ ਲੈ ਕੇ ਨਹੀਂ ਪੀਤਾ ਅਤੇ ਪ੍ਰਸ਼ਾਦ ਨਹੀਂ ਛਕਿਆ ਤਾਂ ਮੈਂ ਇਸੇ ਵੇਲੇ ਇਸੇ ਮੰਦਰ ਵਿਚ ਆਪਣੇ ਪ੍ਰਾਣ ਤਿਆਗ ਦਿਆਂਗਾ। ਕਿਹਾ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਦੀ ਭਗਤੀ ਨੂੰ ਦੇਖ ਕੇ ਭਗਵਾਨ ਵਿਸ਼ਨੂੰ ਜੀ ਦਾ ਸਿੰਘਾਸਨ ਡੋਲ ਗਿਆ ਤੇ ਤੁਰੰਤ ਸਾਕਾਰ- ਰੂਪ ਵਿਚ ਪ੍ਰਗਟ ਹੋ ਕੇ ਭਗਤ ਨਾਮਦੇਵ ਜੀ ਵਲੋਂ ਲਿਆਂਦਾ ਪ੍ਰਸ਼ਾਦ ਛਕਿਆ ਅਤੇ ਦੁੱਧ ਵੀ ਪੀਤਾ। ਫੇਰ ਭਗਵਾਨ ਜੀ ਨੇ ਭਗਤ ਜੀ ਨੂੰ ਆਸ਼ੀਰਵਾਦ ਵੀ ਦਿੱਤਾ। ਉਸ ਵੇਲੇ ਤੱਕ ਕੁਝ ਹੋਰ ਲੋਕ ਵੀ ਭਗਵਾਨ ਕੇਸ਼ੀ ਰਾਜ ਜੀ ਦੇ ਮੰਦਰ ਵਿਚ ਪਹੁੰਚ ਚੁੱਕੇ ਸਨ। ਇਹ ਕ੍ਰਿਸ਼ਮਾ ਸਾਰੇ ਹੀ ਪਿੰਡ ਨਰਸੀ ਵਿਚ ਹੀ ਨਹੀਂ, ਬਲਕਿ ਸਾਰੇ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਚਰਚਿਤ ਹੋ ਗਿਆ। ਇਹ ਕੌਤਕ ਵੇਖ ਕੇ ਸਾਰੇ ਹੀ ਲੋਕੀ ਭਗਤ ਜੀ ਨੂੰ ਵਿਸ਼ੇਸ਼ ਹਸਤੀ ਮੰਨਣ ਲੱਗ ਪਏ। ਭਗਤ ਨਾਮਦੇਵ ਜੀ ਪਿੰਡ ਦੇ ਬਾਹਰਵਾਰ ਬਣੇ ਮੰਦਰ ਵਿਚ ਭਗਤੀ ਕਰਿਆ ਕਰਦੇ ਸਨ। ਇਹ ਮੰਦਰ ਕਿਆਧੂ ਨਦੀ ਦੇ ਕਿਨਾਰੇ ਬਣਿਆ ਹੋਇਆ ਹੈ। ਇਥੇ ਹੁਣ ਭਗਤ ਨਾਮਦੇਵ ਜੀ ਦਾ ਤਪ ਅਸਥਾਨ ਵੀ ਬਣਿਆ ਹੋਇਆ ਹੈ। ਕਿਆਧੂ ਨਦੀ ਬਾਰੇ ਇਕ ਗੱਲ ਕਾਫ਼ੀ ਪ੍ਰਸਿੱਧ ਹੈ ਕਿ ਇਲਾਕੇ ਦੇ ਲੋਕੀਂ ਆਪਣੇ ਮ੍ਰਿਤਕ ਰਿਸ਼ਤੇਦਾਰਾਂ ਦੀਆਂ ਅਸਥੀਆਂ ਇਸ ਨਦੀ ਵਿਚ ਪ੍ਰਵਾਹ ਕਰਦੇ ਹਨ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਨਦੀ ਦੇ ਪਾਣੀ ਵਿਚ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਪ੍ਰਵਾਹ ਕੀਤੀਆਂ ਅਸਥੀਆਂ 24 ਘੰਟੇ ਵਿਚ ਖੁਰ ਕੇ ਪਾਣੀ ਦੇ ਵਿਚ ਹੀ ਮਿਲ ਜਾਂਦੀਆਂ ਹਨ। ਇਸ ਮੰਦਰ ਦੇ ਬਾਹਰ ਭਗਤ ਜੀ ਦੇ ਸਮੇਂ ਦਾ ਹੀ ਸਦਾ ਹੀ ਇਕਤਾਰਾ ਵੱਜਦਾ ਰਹਿੰਦਾ ਹੈ। ਜੋ ਵਿਅਕਤੀ ਇਕਤਾਰਾ ਵਜਾਉਂਦੇ ਹਨ, ਉਨ੍ਹਾਂ ਦੀ ਬਾਕਾਇਦਾ ਰੋਲ ਲੱਗਦੀ ਹੈ। ਸਮੇਂ- ਸਮੇਂ ਅਨੁਸਾਰ ਇਕਤਾਰਾ ਵਜਾਉਣ ਵਾਲਿਆਂ ਦੀ ਡਿਊਟੀ ਬਦਲਦੀ ਰਹਿੰਦੀ ਹੈ। ਛੱਤ ਨੂੰ ਰੱਸਾ ਬੰਨ੍ਹ ਕੇ ਛੱਡਿਆ ਹੋਇਆ ਹੈ। ਜਦੋਂ ਇਕਤਾਰਾ ਵਜਾਉਣ ਵਾਲਾ ਥੱਕ ਜਾਂਦਾ ਹੈ ਤਾਂ ਉਹ ਛੱਤ 'ਤੇ ਬੰਨ੍ਹੇ ਰੱਸੇ ਨੂੰ ਫੜ ਲੈਂਦਾ ਹੈ ਤੇ ਪ੍ਰਭੂ ਦੀ ਭਗਤੀ ਵਿਚ ਲੀਨ ਹੋ ਕੇ ਇਕਤਾਰਾ ਮੁੜ ਵਜਾਉਣ ਲੱਗ ਪੈਂਦਾ ਹੈ। ਪਿੰਡ ਨਰਸੀ ਨਾਮਦੇਵ ਦੇ ਬਾਹਰ ਪਿੰਡ ਤੋਂ ਥੋੜ੍ਹੀ ਹੀ ਦੂਰ ਭਗਤ ਨਾਮਦੇਵ ਜੀ ਦੀ ਯਾਦ ਵਿਚ ਇਕ ਸ਼ਾਨਦਾਰ ਗੁਰਦੁਆਰਾ ਸਾਹਿਬ ਉਸਾਰਿਆ ਜਾ ਰਿਹਾ ਹੈ। ਪਿੰਡ ਤੋਂ ਬਾਹਰ ਲਗਭਗ 7 ਏਕੜ ਥਾਂ ਸ੍ਰੋਮਣੀ ਭਗਤ ਨਾਮਦੇਵ ਮੈਮੋਰੀਅਲ ਐਸੋਸੀਏਸ਼ਨ ਵਲੋਂ ਖਰੀਦੀ ਗਈ, ਜਿਸ ਥਾਂ 'ਤੇ ਇਹ ਗੁਰੂ ਘਰ ਉਸਾਰਿਆ ਗਿਆ ਹੈ। 1997 ਤੋਂ ਇਸ ਥਾਂ 'ਤੇ ਕਾਰ ਸੇਵਾ ਜਾਰੀ ਹੈ। ਐਸੋਸੀਏਸ਼ਨ ਦੇ ਪ੍ਰਧਾਨ ਤਹਿਸੀਲਦਾਰ ਜਗਜੀਤ ਸਿੰਘ ਤੇ ਜਨਰਲ ਸਕੱਤਰ ਪ੍ਰੋ. ਪੂਰਨ ਸਿੰਘ ਦੀ ਦੇਖਰੇਖ ਹੇਠ ਇਸ ਅਸਥਾਨ ਦਾ ਵਿਕਾਸ ਕੀਤਾ ਜਾ ਰਿਹਾ ਹੈ। ਐਸੋਸੀਏਸ਼ਨ ਦਾ ਦਾਅਵਾ ਹੈ ਕਿ ਇਹ ਉਹ ਸਥਾਨ ਹੈ, ਜਿਥੇ ਕਿ ਭਗਤ ਨਾਮਦੇਵ ਜੀ ਦੀ ਸ਼ੇਰ ਨਾਲ ਮੁਲਾਕਾਤ ਹੋਈ ਸੀ। ਦੱਸਿਆ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਆਪਣੇ ਛੋਟੇ- ਛੋਟੇ ਸਾਥੀਆਂ ਨਾਲ ਖੇਡਿਆ ਕਰਦੇ ਸਨ ਤਾਂ ਅਕਸਰ ਹੀ ਤੁਰਦੇ-ਤੁਰਦੇ ਇਸ ਪਾਸੇ ਆ ਨਿਕਲਦੇ ਸਨ, ਜਿਧਰ ਉਦੋਂ ਚਾਰੇ ਪਾਸੇ ਜੰਗਲ ਹੁੰਦਾ ਸੀ, ਜਿਸ ਵਿਚ ਜੰਗਲੀ ਜਾਨਵਰ ਵੀ ਆ ਜਾਂਦੇ ਸਨ। ਭਗਤ ਨਾਮਦੇਵ ਜੀ ਹਰੇਕ ਚੀਜ਼ ਵਿਚੋਂ ਰੱਬ ਦਾ ਹੀ ਰੂਪ ਦੇਖਿਆ ਕਰਦੇ ਸਨ। ਇਕ ਦਿਨ ਆਪਣੇ ਸਾਥੀਆਂ ਨਾਲ ਖੇਡਦੇ ਹੋਏ ਜਦੋਂ ਇਸ ਜਗ੍ਹਾ ਦੇ ਜੰਗਲ ਵਿਚ ਆਏ ਤਾਂ ਅਚਾਨਕ ਹੀ ਇਕ ਖੂੰਖਾਰ ਸ਼ੇਰ ਇਥੇ ਆ ਨਿਕਲਿਆ। ਸਾਰੇ ਬੱਚੇ ਸ਼ੇਰ ਨੂੰ ਦੇਖ ਕੇ ਵਾਪਸ ਆਪੋ- ਆਪਣੇ ਘਰਾਂ ਨੂੰ ਦੌੜ ਗਏ। ਭਗਤ ਨਾਮਦੇਵ ਜੀ ਨੇ ਸ਼ੇਰ ਵਿਚੋਂ ਵੀ ਰੱਬ ਨੂੰ ਦੇਖਿਆ ਅਤੇ ਕਿਹਾ ਕਿ ਭਗਵਾਨ ਤੁਸੀਂ ਇਸ ਰੂਪ ਵਿਚ ਵੀ ਦਰਸ਼ਨ ਦਿੰਦੇ ਹੋ। ਉਨ੍ਹਾਂ ਦੱਸਿਆ ਕਿ ਬੱਚਿਆਂ ਨੇ ਜਦੋਂ ਵੇਖਿਆ ਕਿ ਭਗਤ ਨਾਮਦੇਵ ਨੇ ਚੱਲ ਕੇ ਸ਼ੇਰ ਨੂੰ ਜੱਫੀ ਪਾ ਲਈ ਹੈ ਤਾਂ ਉਨ੍ਹਾਂ ਨੇ ਜਾ ਕੇ ਭਗਤ ਜੀ ਦੀ ਮਾਤਾ ਗੋਨਾਬਾਈ ਤੇ ਪਿਤਾ ਦਾਮ ਸ਼ੇਟੀ ਜੀ ਨੂੰ ਦੱਸਿਆ ਕਿ ਨਾਮੇ ਨੂੰ ਤਾਂ ਸ਼ੇਰ ਲੈ ਗਿਆ ਹੈ। ਸਾਰੇ ਪਿੰਡ ਵਾਲੇ ਤੇ ਭਗਤ ਜੀ ਦੀ ਮਾਤਾ ਤੇ ਪਿਤਾ ਜੀ ਦੌੜਦੇ ਹੋਏ ਇਧਰ ਆਏ। ਜਦੋਂ ਉਨ੍ਹਾਂ ਦੇਖਿਆ ਤਾਂ ਭਗਤ ਨਾਮਦੇਵ ਜੀ ਸ਼ੇਰ ਨੂੰ ਜੱਫੀ ਪਾਈ ਖੜ੍ਹੇ ਸਨ।

ਸ਼ੇਰ ਆਰਾਮ ਨਾਲ ਉਨ੍ਹਾਂ ਅੱਗੇ ਸਿਰ ਝੁਕਾਈ ਖੜ੍ਹਾ ਸੀ। ਭਗਤ ਨਾਮਦੇਵ ਜੀ ਨੇ ਆਪਣੇ ਮਾਤਾ-ਪਿਤਾ ਤੇ ਆਪਣੇ ਹਾਣੀਆਂ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ ਕਿ ਆਓ ਭਗਵਾਨ ਦੇ ਦਰਸ਼ਨ ਕਰੋ। ਸਾਰੇ ਇਹ ਕੌਤਕ ਦੇਖ ਕੇ ਹੈਰਾਨ ਰਹਿ ਗਏ। ਇਸੇ ਤਰ੍ਹਾਂ ਇਕ ਵਾਰ ਜਦੋਂ ਭਗਤ ਜੀ ਕਾਫ਼ੀ ਛੋਟੇ ਸਨ। ਤਾਂ ਖੇਡਦੇ ਹੋਏ ਚੁੱਲ੍ਹੇ ਵਿਚ ਵੜ ਗਏ ਅਤੇ ਅੱਗ ਨੂੰ ਸੁੰਦਰ ਵਸਤੂ ਸਮਝ ਕੇ ਫੜਨ ਲੱਗ ਪਏ। ਲੋਕੀਂ ਇਹ ਦੇਖ ਕੇ ਡਰ ਗਏ ਕਿ ਛੋਟਾ ਬੱਚਾ ਅੱਗ ਵਿਚ ਸੜ ਜਾਵੇਗਾ, ਪਰ ਭਗਤ ਜੀ ਦੇ ਚੁੱਲ੍ਹੇ ਵਿਚ ਹੱਥ ਪੈਂਦਿਆਂ ਹੀ ਅੱਗ ਠੰਢੀ ਹੋ ਗਈ। ਇਸ ਲਈ ਬਚਪਨ ਤੋਂ ਹੀ ਲੋਕਾਂ ਨੂੰ ਭਗਤ ਨਾਮਦੇਵ ਜੀ ਦੇ ਪੂਰਨ ਸੰਤ ਹੋਣ ਦਾ ਪਤਾ ਲੱਗ ਗਿਆ ਸੀ।

ਧੰਨਵਾਦ ਸਹਿਤ: ਪੰਜਾਬ ਗਾਰਡੀਅਨ

Scanned with CamScanner

# ਏਹੋ ਹਮਾਰਾ ਜੀਵਣਾ ਤੂ ਸਾਹਿਬ ਸਾਚੇ ਵੇਖੁ ॥

ਇਨਸਾਨ ਦਾ ਕੁਦਰਤੀ ਰੂਪੀ ਸਰੀਰ ਅਚਾਨਕ ਹਾਦਸਾਗ੍ਰਸਤ ਹੋਣ ਨਾਲ ਜਾਂ ਕਿਸੇ ਨਾ ਕਿਸੇ ਨਾ-ਮੁਰਾਦ ਬੀਮਾਰੀ ਹੋਣ ਕਾਰਨ ਸਰੀਰਕ ਬਣਤਰ ਵਿਚ ਵਿਗਾੜ ਆ ਜਾਣ ਨਾਲ ਸਮਾਜ ਦੀਆਂ ਨਜ਼ਰਾਂ ਵਿਚ ਉਹ ਅਧੂਰਾ ਜਾਂ ਤਰਸ ਦਾ ਪਾਤਰ ਬਣ ਕੇ ਰਹਿ ਜਾਂਦਾ ਹੈ, ਭਾਵੇਂ ਕਿ ਉਸ ਦੀ ਅੰਦਰਲੀ ਕਲਾ ਉਸ ਨੂੰ ਅਧੂਰਾ ਨਹੀਂ ਮੰਨਦੀ ਕੁਝ ਕਰਨ ਲਈ ਅੱਗੇ ਵਧਣ ਦੀ ਕਲਾ ਤੜਫਦੀ ਰਹਿੰਦੀ ਹੈ। ਅੰਗਹੀਣ ਵਿਅਕਤੀ ਨੂੰ ਆਪਣੇ ਅੰਗ ਗੁਆਉਣ ਦਾ ਦਰਦ ਘੱਟ ਹੁੰਦਾ ਹੈ, ਜਿਨ੍ਹਾਂ ਕਿ ਉਸ ਨੂੰ ਆਪਣੀ ਕਾਬਲੀਅਤ ਅਨੁਸਾਰ ਕੰਮ ਦੇ ਮੌਕੇ ਨਾ ਮਿਲਣ ਕਾਰਨ ਦੁੱਖ ਮਹਿਸੂਸ ਹੁੰਦਾ ਹੈ। ਰੁਜ਼ਗਾਰ ਨਾ ਮਿਲਣ ਕਰਕੇ ਉਸ ਨੂੰ ਹੋਰ ਵੀ ਮਾਨਸਿਕ ਪੀੜ੍ਹਾ ਦਾ ਦਰਦ ਹੰਢਾਉਣਾ ਪੈਂਦਾ ਹੈ। ਜੇਕਰ ਉਸ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਦਿੱਤਾ ਜਾਵੇ ਤਾਂ ਆਪਣੇ ਪਰਿਵਾਰ ਅਤੇ ਸਮਾਜ ਦਾ ਵਿਕਾਸਸ਼ੀਲ ਅੰਗ ਹੋ ਨਿਬੜਦਾ ਹੈ ਅਤੇ ਬਾਕੀਆਂ ਨਾਲ ਚਾਨਣ ਮੁਨਾਰਾ ਬਣ ਸਕਦਾ ਹੈ। ਪੰਜਾਬ ਸਰਕਾਰ ਕਿਸਾਨਾਂ ਨੂੰ ਬਿਜਲੀ, ਪਾਣੀ ਮੁਫ਼ਤ ਦੇ ਰਹੀ ਹੈ। ਇਸ ਤਰ੍ਹਾਂ ਹੀ ਦਲਿਤ ਵਰਗ ਪਰਿਵਾਰਾਂ ਨੂੰ 200 ਬਿਜਲੀ ਯੂਨਿਟ ਮੁਆਫ਼ ਕਰ ਦਿੱਤੀ ਹੈ ਅਤੇ ਸਰਕਾਰੀ ਮੁਲਾਜ਼ਮਾਂ ਨੂੰ ਸਮੇਂ ਸਮੇਂ ਸਿਰ ਸਹੂਲਤਾਂ ਦੇਣ ਦਾ ਯਤਨ ਕੀਤਾ ਜਾਂਦਾ ਹੈ, ਪਰ ਅੰਗਹੀਣਾਂ ਨੂੰ ਸਰਕਾਰ ਨੇ ਕੋਈ ਖਾਸ ਸਹੂਲਤ ਨਹੀਂ ਦਿੱਤੀ, ਚਾਹੇ ਉਹ ਮੁਲਾਜ਼ਮ ਹੈ, ਬੇਰੁਜ਼ਗਾਰ ਹੈ ਜਾਂ ਫਿਰ ਕਾਰੋਬਾਰ ਹੈ। ਉਹਨਾਂ ਦੇ ਦੁੱਖਾਂ ਤਕਲੀਫ਼ਾਂ ਦਾ ਕੋਈ ਹਿਸਾਬ ਹੈ ਕਿ ਉਹ ਵੀ ਇਸ ਸਮਾਜ ਦੇ ਵਸਨੀਕ ਹਨ। ਅੰਗਹੀਣ ਦੀ ਉਹ ਪੈਨਸ਼ਨ 250 ਰੁਪਏ ਮਹੀਨਾ ਜੋ ਬਹੁਤ ਹੀ ਮੁਸ਼ਕਲ ਨਾਲ ਲੱਗਦੀ ਹੈ, ਪ੍ਰੰਤੂ ਹੋਣਾ ਇਹ ਚਾਹੀਦਾ ਹੈ ਕਿ ਮੈਡੀਕਲ ਅਫ਼ਸਰ ਵੱਲੋਂ ਜਦੋਂ ਮੈਡੀਕਲ ਪ੍ਰਮਾਣ ਪੱਤਰ ਬਣ ਜਾਂਦਾ ਹੈ ਤਾਂ ਉਸ ਸਮੇਂ ਪੈਨਸ਼ਨ ਚਾਲੂ ਹੋ ਜਾਣੀ ਚਾਹੀਦੀ ਹੈ। ਘੱਟੋ-ਘੱਟ 1000 ਰੁਪਏ ਮਹੀਨਾ ਹੋਵੇ ਜੇਕਰ ਪੈਨਸ਼ਨ ਉਸ ਸਮੇਂ ਨਹੀਂ ਲੱਗਦੀ ਤਾਂ ਲੱਗਣ ਤੱਕ ਦਾ ਬਕਾਇਆ ਬਣਾ ਕੇ ਦਿੱਤਾ ਜਾਵੇ ਜਿਵੇਂ ਕਿ ਸਰਕਾਰੀ ਮੁਲਾਜ਼ਮਾਂ ਦਾ ਬਕਾਇਆ ਬਣਦਾ ਹੈ।

ਸੰਸਾਰ ਵਿਚ ਕੁੱਲ ਆਬਾਦੀ ਤਕਰੀਬਨ 15% ਸਰੀਰਕ ਅੰਗਾਂ ਅਤੇ ਦਿਮਾਗੀ ਬਿਮਾਰੀਆਂ ਤੋਂ ਪੀੜਤ ਹਨ। ਭਾਰਤ ਵਿਚ 2011 ਦੇ ਸਰਵੇ ਅਨੁਸਾਰ 2,68,10,557 ਅਪਾਹਜ ਹਨ। ਪੰਜਾਬ ਭਾਰਤ ਦਾ ਖੇਤੀ ਪ੍ਰਧਾਨ ਸੂਬਾ ਹੈ, ਜਿੱਥੇ ਖੇਤੀ ਦੇ ਨਾਲ ਇੰਡਸਟਰੀ ਦਾ ਵੀ ਵਿਸ਼ਾਲ ਘੇਰਾ ਹੈ। ਮਸ਼ੀਨੀਕਰਨ ਦੀ ਖੇਤੀ ਧੰਦੇ ਨਾਲ ਅਨੇਕਾਂ ਲੋਕ ਅਪਾਹਜ ਹੋ ਰਹੇ ਹਨ, ਰਸਾਇਣਕ ਖੇਤੀ ਨਾਲ ਇਨਸਾਨ ਨੂੰ ਕਈ ਨਾ ਮੁਰਾਦ ਬਿਮਾਰੀਆਂ ਨੇ ਜਕੜ ਲਿਆ ਹੈ। ਜਿੱਥੇ ਮਸ਼ੀਨਰੀ ਨੇ ਮਜ਼ਦੂਰਾਂ ਦਾ ਕੰਮ ਖੋਹ ਲਿਆ, ਘੰਟਿਆਂ ਵਿਚ ਕਰ ਦਿੱਤਾ ਹੈ, ਉੱਥੇ ਖੇਤੀ ਮਸ਼ੀਨਰੀ ਨੇ ਅਨੇਕਾਂ ਜਾਨਾਂ ਅਤੇ ਹੋਰ ਸਰੀਰਕ ਅੰਗਾਂ ਦਾ ਵੀ ਨਾਸ਼ ਕੀਤਾ ਹੈ। ਇਸ ਮਸ਼ੀਨਰੀ ਨੇ ਇਨਸਾਨ ਨੂੰ ਪੰਜਾਲੀਆਂ ਵਿਚ ਵੀ ਬੇਜ਼ਾਰ ਕੇ ਰੱਖ ਦਿੱਤਾ ਹੈ। ਜਿੱਥੇ ਪੰਜਾਬ ਨੇ ਖੇਤੀ ਦੀ ਪੈਦਾਵਾਰ ਵਿਚ ਮੱਲਾਂ ਮਾਰੀਆਂ ਹਨ, ਕਿਥੇ ਬਾਕੀ ਸੂਬਿਆਂ ਨਾਲੋਂ ਵੱਧ ਜਾਨਾਂ ਅਤੇ ਅੰਗ ਗੁਆਏ ਹਨ। ਪੰਜਾਬ ਵਿਚ 2011 ਦੇ ਸਰਵੇ ਅਨੁਸਾਰ 6,54,063 ਅੰਗਹੀਣ ਹਨ। ਇਕ ਨਿੱਜੀ ਸਰਵੇ ਅਨੁਸਾਰ ਪੰਜਾਬ ਵਿਚ ਕੁੱਲ ਆਬਾਦੀ ਦਾ 10% ਤੋਂ ਉੱਪਰ ਅੰਗਹੀਣਤਾ ਦੇ ਨਾਲ ਪੀੜਤ ਹਨ।

ਅਪੰਗਤਾ ਵਾਲੇ ਵਿਅਕਤੀ (ਸਮਾਨ ਮੌਕੇ ਅਧਿਕਾਰ ਦੀ ਸੁਰੱਖਿਆ ਅਤੇ ਪੂਰਨ ਭਾਗੀਦਾਰੀ) ਐਕਟ 1995 ਬਣਿਆ ਹੈ। ਜੋ ਦੇਸ਼ ਦੀ ਸਰਵ ਉੱਚ ਸੰਸਦ ਨੇ ਪਾਸ ਕੀਤਾ ਅਤੇ ਰਾਸ਼ਟਰਪਤੀ ਨੇ ਉਸ ਐਕਟ ਨੂੰ ਮਨਜ਼ੂਰੀ ਦੇ ਕੇ ਜੰਮੂ-ਕਸ਼ਮੀਰ ਨੂੰ ਛੱਡ ਕੇ ਦੇਸ਼ ਵਿਚ ਲਾਗੂ ਕੀਤਾ ਹੈ। ਇਸ ਐਕਟ ਮੁਤਾਬਿਕ ਕੇਂਦਰੀ ਕਮੇਟੀਆਂ, ਰਾਜ ਪੱਧਰੀ ਤੇ ਫਿਰ ਜ਼ਿਲ੍ਹਾ ਪੱਧਰ ਤੇ ਕਮੇਟੀਆਂ ਦਾ ਗਠਨ ਕਰਕੇ ਹਰ ਤਿੰਨ ਮਹੀਨੇ ਬਾਅਦ ਇਸ ਐਕਟ ਨੂੰ ਲਾਗੂ ਕਰਨ ਅਤੇ ਇਕ ਮੀਟਿੰਗ ਅੰਗਹੀਣਾਂ ਦੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਜ਼ਰੂਰ ਹੋਵਣੀ। ਪ੍ਰੰਤੂ ਇਹ ਵੀ ਸਮਾਜਿਕ ਜ਼ਿਲ੍ਹਾ ਪੱਧਰ ਤੇ ਸੁਰੱਖਿਆ ਵਿਭਾਗ ਵੱਲੋਂ ਸਰਕਾਰ ਐਨ.ਜੀ.ਓ. ਨੂੰ ਬੁਲਾ ਕੇ ਖਾਨਾ ਪੂਰਤੀ ਕੀਤੀ ਜਾਂਦੀ ਹੈ ਅਤੇ ਬਹੁਤੇ ਜ਼ਿਲ੍ਹਿਆਂ ਵਿਚ ਲਗਾਤਾਰ ਇਹ ਮੀਟਿੰਗਾਂ ਹੁੰਦੀਆਂ ਹੀ ਨਹੀਂ ਹਨ। ਇਸ ਐਕਟ ਨੂੰ ਲਾਗੂ ਕਰਾਉਣ ਲਈ ਵੱਖ-ਵੱਖ ਐਸੋਸੀਏਸ਼ਨਾਂ ਵੱਲੋਂ ਅਦਾਲਤਾਂ ਦਾ ਸਹਾਰਾ ਲੈ ਕੇ ਐਕਟ ਦੀਆਂ ਕੁਝ ਹੀ ਮੱਦਾਂ ਲਾਗੂ ਕਰਵਾਈਆਂ ਹਨ ਅਤੇ ਭਾਰਤ ਦੀ ਉੱਚ ਅਦਾਲਤ ਨੇ ਸਤੰਬਰ 2014 ਦਾ ਫੈਸਲਾ ਸੁਣਾਉਂਦੇ ਹੋਏ ਟਿੱਪਣੀ ਕੀਤੀ ਹੈ ਕਿ ਇਸ ਐਕਟ ਮੁਤਾਬਿਕ 19 ਸਾਲਾਂ ਤੋਂ ਅਪਾਹਜਾਂ ਲਈ ਅਸਰਦਾਰ ਢੰਗ ਨਾਲ ਲਾਗੂ ਨਾ ਕਰਕੇ ਅੰਗਹੀਣਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਅਤੇ ਸਰਕਾਰੀ ਮੰਨਦ ਨਾਲ ਚੱਲਦੇ ਅਦਾਰਿਆਂ ਵਿਚ ਅੰਗਹੀਣਾਂ ਦੀ 3% ਭਰਤੀ ਲਾਜ਼ਮੀ ਹੈ। ਕਾਨੂੰਨ 1995 ਅਨੁਸਾਰ ਉਹਨਾਂ ਉੱਪਰ ਲਾਗੂ ਹੁੰਦਾ ਹੈ। ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਵਿਚ ਪਾਈਆਂ ਖਾਲੀ ਪੋਸਟਾਂ ਤੁਰੰਤ ਭਰੀਆਂ ਜਾਣ ਕਿਉਂਕਿ ਪੜ੍ਹੇ ਲਿਖੇ ਅੰਗਹੀਣ ਲੋਕ ਬਹੁਤ ਹਨ। 26 ਜਨਵਰੀ 2005 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਨੇ ਅੰਗਹੀਣਾਂ ਦੇ 95 ਦੇ ਐਕਟ ਅਨੁਸਾਰ ਆਈ.ਏ.ਐਸ. ਅਫ਼ਸਰ ਭਰਤੀ ਕਰਕੇ ਲੋਕਾਂ ਦੀ ਸੇਵਾ ਲਈ ਭੇਜਿਆ। ਇਹ ਕਦਮ ਅੰਗਹੀਣਾਂ ਦੇ ਹੌਂਸਲੇ ਵਿਚ ਵਾਧਾ ਕਰਨ ਦੇ ਬਰਾਬਰ ਹੈ ਜਿਸੇ ਤਰ੍ਹਾਂ ਅਸੀਂ ਮੰਗ ਕਰਦੇ ਹਾਂ ਕਿ ਇਹੋ ਜਿਹੇ ਸਖ਼ਤ ਕਦਮ ਚੁੱਕ ਕੇ ਯੋਗਤਾ ਅਨੁਸਾਰ ਇਹਨਾਂ ਲੋਕਾਂ ਨੂੰ ਰੋਜ਼ਗਾਰ ਦੇ ਕੇ ਬੈਕਲਾਗ ਪੂਰਾ ਕੀਤਾ ਜਾਵੇ।

ਅੰਗਹੀਣ ਲੋਕਾਂ ਨੂੰ ਇਸ ਵਿਚੋਂ ਵਿਚਰਨ ਲਈ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਪੜ੍ਹ ਲਿਖ ਜਾਵੇ ਵੀ ਫਿਰ ਸਰਵਿਸ ਨਾ ਮਿਲੇ ਤਾਂ ਉਸਨੂੰ ਹੋਰ ਵੀ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਹੀ ਪਿਛਲੀ ਸਰਕਾਰ ਨੂੰ ਐਕਟ 1995 ਅਨੁਸਾਰ ਪੰਚਾਇਤੀ ਵਿਭਾਗ ਵਿਚ ਕਲਾਸ ਵਿਭਾਗ ਅਫ਼ਸਰ, ਗ੍ਰਾਮ ਸੇਵਕ, ਪੰਚਾਇਤ ਸੈਕਟਰੀ ਅਤੇ ਕਲਰਕ ਭਰਤੀ ਕੀਤੇ ਸਨ। ਉਹਨਾਂ ਨੂੰ ਥੋੜ੍ਹੇ ਸਮੇਂ ਬਾਅਦ ਹੀ ਨੌਕਰੀ ਤੋਂ ਫਾਰਗ ਕਰ ਦਿੱਤਾ। ਅਜਿਹਾ ਬਰਦਾਸ਼ਤ ਨਹੀਂ ਕਰਨਾ ਚਾਹੀਦਾ। ਪਹਿਲਾ ਨੌਕਰੀ ਦੇ ਦੇਣੀ ਅਤੇ ਫਿਰ ਨੌਕਰੀ ਖੋਹ ਲੈਣੀ। ਇਸ ਤਰ੍ਹਾਂ ਨਾਲ ਉਹਨਾਂ ਦੀ ਮਾਨਸਿਕ ਪ੍ਰੇਸ਼ਾਨੀ ਵਧੇਗੀ ਤੇ ਕਿਸੇ ਹੋਰ ਪੀੜ੍ਹ ਨੂੰ ਜਨਮ ਦੇਵੇਗੀ। ਅਪੰਗਤਾ ਵਾਲੇ ਵਿਅਕਤੀ (ਸਮਾਨ ਮੌਕੇ ਅਧਿਕਾਰਾਂ ਦੀ ਸੁਰੱਖਿਆ ਅਤੇ ਪੂਰਨ ਸ਼ਮੂਲੀਅਤ) ਐਕਟ 1995 ਨੂੰ ਸਾਰਥਕ ਤੌਰ ਤੇ ਲਾਗੂ ਕੀਤਾ ਜਾਵੇ ਅਤੇ ਸਾਰੇ ਮਹਿਕਮਿਆਂ ਦੇ ਮੁੱਖ ਅਧਿਕਾਰੀਆਂ ਵੱਲੋਂ ਜ਼ਿਲ੍ਹਾ ਅਧਿਕਾਰੀਆਂ ਨੂੰ ਇਸ ਨੂੰ ਲਾਗੂ ਕਰਨ ਲਈ ਪੁੱਛਿਆ ਜਾਵੇ। ਅੰਗਹੀਣਾਂ ਦੇ ਸਾਰੇ ਦਫ਼ਤਰਾਂ ਨੂੰ ਫਿਰ ਰਾਹਤ ਮਿਲ ਸਕਦੀ ਹੈ। ਐਸਾ ਕੋਈ ਵੀ ਕੰਮ ਨਹੀਂ ਜੋ ਆਮ ਇਨਸਾਨ ਦੀ ਤਰ੍ਹਾਂ ਇਕ ਅਪਾਹਜ ਵਿਅਕਤੀ ਨਾ ਕਰ ਸਕਦਾ ਹੋਵੇ, ਭਾਵੇਂ ਉਹ ਖੇਡ ਦਾ ਮੈਦਾਨ ਹੈ। ਮਜ਼ਦੂਰੀ ਦਾ ਖੇਤਰ ਹੋਵੇ ਜਾਂ ਫਿਰ ਕਿਸੇ ਫੈਕਟਰੀ ਵਿਚ ਕੰਮ ਕਰਨਾ ਹੋਵੇ। ਉਹ ਕਿਸੇ ਵੀ ਕੰਮ ਨੂੰ ਆਸਾਨੀ ਨਾਲ ਕਰ ਸਕਦਾ ਹੋਵੇ। ਜ਼ਰੂਰਤ ਕਿ ਸਮਾਜ ਉਸ ਨੂੰ ਆਮ ਨਾਗਰਿਕ ਦੀ ਤਰ੍ਹਾਂ ਵਿਚਰਨ ਦੀ ਇਜਾਜ਼ਤ ਦੇਵੇ। ਅੰਗਹੀਣਾਂ ਨੂੰ ਉਹਨਾਂ ਦੀ ਯੋਗਤਾ ਅਨੁਸਾਰ ਰੋਜ਼ਗਾਰ ਮੌਕੇ ਦੇਣੇ ਚਾਹੀਦੇ ਹਨ, ਉਸ ਨੂੰ ਰਹਿਮ ਦੀ ਜ਼ਰੂਰਤ ਨਹੀਂ ਕੰਮ ਦੇਣ ਦੀ ਜ਼ਰੂਰਤ ਹੈ। ਕੁਝ ਸਰਕਾਰੀ ਅਤੇ ਨਿੱਜੀ ਦਫ਼ਤਰਾਂ ਵਿਚ ਅੰਗਹੀਣ ਮੁਲਾਜ਼ਮਾਂ ਨਾਲ ਵਿਤਕਰੇ ਕੀਤੇ ਜਾ ਰਹੇ ਹਨ। ਉਹਨਾਂ ਦੇ ਕੰਮ ਕਰਨ ਦੇ ਮੌਕੇ ਬੰਦ ਕੀਤੇ ਜਾ ਰਹੇ ਹਨ। ਅੰਗਹੀਣਾਂ ਦੀਆਂ ਬਦਲੀਆਂ ਸਰਕਾਰੀ ਨਿਯਮਾਂ ਤੋਂ ਉਲਟ ਜਾਣ ਬੁਝ ਕੇ ਕੀਤੀਆਂ ਜਾ ਰਹੀਆਂ ਹਨ। ਇਹਨਾਂ ਦੇ ਕੀਤੇ ਹੋਏ ਕੰਮਾਂ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਹੈ ਅਤੇ ਕੀਤੇ ਹੋਏ ਕੰਮਾਂ ਨੂੰ ਅਣਗੌਲਿਆ ਕਰਕੇ ਜਲੀਲ ਕੀਤਾ ਜਾਂਦਾ ਹੈ। ਆਪਣੇ ਰੁਤਬੇ ਦੀ ਗਲਤ ਵਰਤੋਂ ਕਰਕੇ ਉਹਨਾਂ ਦੀਆਂ ਬਦਲੀਆਂ ਜਾਣ ਬੁੱਝ ਕੇ ਅਣਚਾਹੇ ਸਟੇਸ਼ਨਾਂ ਤੇ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਪ੍ਰਤੀ ਅਪਸ਼ਬਦ ਬੋਲੇ ਜਾਂਦੇ ਹਨ। ਅਸੀਂ ਮੰਗ ਕਰਦੇ ਹਾਂ ਜੋ ਵੀ ਕਿਸੇ ਮਹਿਕਮੇ ਦੇ ਅਫ਼ਸਰ ਅੰਗਹੀਣ ਪ੍ਰਤੀ ਅਜਿਹਾ ਵਰਤਾਉ ਕਰਦੇ ਹਨ, ਉਸ ਦੀ ਸ਼ਿਕਾਇਤ ਅੰਗਹੀਣਾਂ ਦੇ ਕਮਿਸ਼ਨਰ ਪਾਸ ਜਾਣੀ ਚਾਹੀਦੀ ਹੈ ਤਾਂ ਜੋ ਇਸ ਦੀ ਤੁਰੰਤ ਪੜਤਾਲ ਕਰਕੇ ਉਸ ਤੇ ਬਣਦੀ ਕਾਰਵਾਈ ਕੀਤੀ ਜਾਵੇ। ਇਥੋਂ ਤੱਕ ਕਿ ਉਹਨਾਂ ਦੀਆਂ ਭਾਰਤ ਵਿਦੇਸ਼ਾਂ ਵਿਚ ਵੀ ਅੰਗਹੀਣ ਹੋਣ ਦੇ ਸ਼ਬਦ ਲਿਖੇ ਜਾਂਦੇ ਹਨ। ਸੂਬਾ ਸਰਕਾਰਾਂ ਵੱਲੋਂ ਅੰਗਹੀਣਾਂ ਦੀ ਸਹੂਲਤ ਲਈ ਵੱਖ ਵੱਖ ਸਮੇਂ ਤੇ ਹੋਈਆਂ ਨੋਟੀਫਿਕੇਸ਼ਨਾਂ, ਸਹੂਲਤਾਂ ਦੇ ਬਾਰੇ ਪੱਤਰ ਵਿਹਾਰ ਆਦਿ ਨੂੰ ਇਕ ਕਿਤਾਬਚੇ ਦਾ ਸੰਗ੍ਰਹਿਤ ਨਮੂਨਾ ਜਿਨ੍ਹਾਂ ਸਮਾਜਿਕ ਸੁਰੱਖਿਆ ਵਿਭਾਗ ਦੇ ਦਫ਼ਤਰ ਵਿਚ ਉਪਲੱਬਧ ਹੋਣੀ ਚਾਹੀਦੀ ਹੈ ਤਾਂ ਜੋ ਲੋੜਵੰਦ ਵਿਅਕਤੀ ਉਸ ਦਾ ਫਾਇਦਾ ਉਠਾ ਸਕਣ। ਸੁਵਿਧਾ ਸੈਂਟਰਾਂ ਵਿਚ ਅੰਗਹੀਣਾਂ ਦੇ ਕੰਮ ਕਾਰ ਨੂੰ ਜਲਦ ਚਾਲੂ ਕਰਨ ਲਈ ਇਕ ਵੱਖਰਾ ਕਾਊਂਟਰ ਹੋਣਾ ਚਾਹੀਦਾ ਹੈ। ਐਸੋਸੀਏਸ਼ਨ ਮੰਗ ਕਰਦੀ ਹੈ ਕਿ ਸਰਕਾਰੀ ਅੰਗਹੀਣਾਂ ਦੀ ਸਰਵਿਸ 62 ਸਾਲ ਤੱਕ ਕੀਤੀ ਜਾਵੇ। ਅੰਗਹੀਣ ਮੁਲਾਜ਼ਮਾਂ ਤੇ ਨਿਰਭਰ ਪਰਿਵਾਰਾਂ ਨੂੰ ਮੌਤ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਪੈਨਸ਼ਨ ਤੇ ਸਹੂਲਤਾਂ ਨਾਲ ਦਿੱਤੇ ਜਾਣ ਤੇ ਉਨ੍ਹਾਂ ਦੇ ਬੱਚਿਆਂ ਨੂੰ ਯੋਗਤਾ ਅਨੁਸਾਰ ਕੰਮ ਦੇ ਮੌਕੇ ਦਿੱਤੇ ਜਾਣ। ਮਸ਼ੀਨਰੀ ਯੁੱਗ ਨੇ ਅੰਗਹੀਣਤਾ ਵਿਚ ਭਾਰੀ ਵਾਧਾ ਕੀਤਾ ਹੈ। ਅੰਗਹੀਣਤਾ ਰੋਕਣ ਦੇ ਠੋਸ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਇਸ ਦਾ ਇਕ ਵੱਖਰਾ ਹੀ ਮੰਤਰਾਲਾ ਬਣਾਇਆ ਜਾਵੇ ਤਾਂ ਅੰਗਹੀਣਾਂ ਨੂੰ ਵੱਖ-ਵੱਖ ਮਹਿਕਮਿਆਂ ਵਿਚ ਧੱਕੇ ਨਾ ਖਾਣੇ ਪੈਣ। ਅਸੀਂ ਇਹ ਵੀ ਮੰਗ ਕਰਦੇ ਹਾਂ ਕਿ ਇਸ ਕੁਲ ਪੱਧਰ ਤੇ ਬਣਿਆ ਅੰਗਹੀਣਾਂ ਦਾ ਕਮਿਸ਼ਨਰ ਜੋ ਐਕਟ 1995 ਨੂੰ ਲਾਗੂ ਕਰਨ ਅਤੇ ਉਹਨਾਂ ਦੀਆਂ ਹੋਰ ਮੁਸ਼ਕਲਾਂ ਨੂੰ ਹੱਲ ਕਰਨ ਲਈ ਬਣਿਆ ਹੈ, ਉਸ ਨੂੰ ਹੇਠਲੇ ਪੱਧਰ ਤੱਕ ਪਹੁੰਚ ਕਰਕੇ ਮਸਲੇ ਹੱਲ ਕਰਨੇ ਚਾਹੀਦੇ ਹਨ। ਐਸੋਸੀਏਸ਼ਨ ਇਹ ਵੀ ਮੰਗ ਕਰਦੀ ਹੈ ਕਿ ਐਕਟ ਅਨੁਸਾਰ ਪੰਚਾਇਤ ਤੋਂ ਲੈ ਕੇ ਰਾਜ ਸਭਾ, ਲੋਕ ਸਭਾ ਵਿਚ ਵੀ ਇਹਨਾਂ ਨੂੰ ਪ੍ਰਤੀਨਿਧਤਾ ਦੇਣੀ ਚਾਹੀਦੀ ਹੈ ਅਤੇ ਇਹਨਾਂ ਦੀਆਂ 3% ਸੀਟਾਂ ਦਾ ਕੋਟਾ ਰੱਖਿਆ ਹੋਣਾ ਚਾਹੀਦਾ ਹੈ ਤਾਂ ਜੋ ਅੰਗਹੀਣਾਂ ਦੇ ਮਸਲੇ ਹੱਲ ਹੋ ਸਕਣ। ਜਿਹੜੇ ਅੰਗਹੀਣ ਲੋਕ ਆਪਣਾ ਕੰਮ ਚਲਾਉਣਾ ਚਾਹੁੰਦੇ ਹੋਣ ਉਹਨਾਂ ਨੂੰ ਤੁਰੰਤ ਬਿਨ੍ਹਾਂ ਪੱਕਲ ਪ੍ਰਣਾਲੀ ਲੋਨ ਉੱਪਰ ਸਬਸਿਡੀ ਦੇ ਕੇ ਕੰਮ ਕਰ ਸਕਣ ਦੇ ਕਾਬਲ ਬਣਾਇਆ ਜਾਵੇ।

ਅੰਗਹੀਣ ਵੀ ਸਮਾਜ ਦਾ ਅਨਿੱਖੜਵਾਂ ਅੰਗ ਹਨ। ਇਹ ਸਰੀਰਕ ਤੌਰ 'ਤੇ ਤਾਂ ਊਣੇ ਹਨ ਪਰ ਮਾਨਸਿਕ ਤੌਰ 'ਤੇ ਪੂਰੇ ਹਨ। ਇਨ੍ਹਾਂ ਦੀ ਪ੍ਰਤਿਭਾ, ਕਲਾ, ਮਿਹਨਤ ਕਰਨ ਦੀ ਸ਼ਕਤੀ ਅੱਗੇ ਵਧਣ ਦੀ ਭੁੱਖ, ਭਾਵਨਾਤਮਿਕ ਸੋਚ ਵਿਚਾਰ ਅਤੇ ਸਿੱਖਿਆ ਜਾਂ ਹੋਰ ਖੇਤਰਾਂ ਵਿਚ ਮੁਕਾਬਲਾ ਕਰਨ ਦੀ ਸਮਰੱਥਾ ਆਮ ਲੋਕਾਂ ਨਾਲੋਂ ਕਿਸੇ ਵੀ ਪੱਖ ਘੱਟ ਨਹੀਂ ਹੈ। ਫਿਰ ਕਿਵੇਂ ਅੰਗਾਂ ਪੱਖੋਂ ਊਣੇ ਹੋਣ ਕਾਰਨ ਇਹਨਾਂ ਨੂੰ ਸਮਾਜ ਦੇ ਤਰਸਯੋਗ ਵਿਚਾਰੇ ਜਿਹੇ ਪਾਤਰ ਜਿਹੀ ਸਮਝਿਆ ਜਾਂਦਾ ਹੈ। ਜਦ ਕਿ ਇਹ ਲੋਕ ਸਮਾਜ ਦੇ ਵਿਚਾਰੇ ਪਾਤਰ ਨਹੀਂ ਸਗੋਂ ਸਮਾਜ ਦੇ ਵਿਚ ਸਨਮਾਨਯੋਗ ਪਾਤਰ ਹਨ। ਉਨ੍ਹਾਂ ਦੀ ਅੰਦਰਲੀ ਕਲਾ ਉਨ੍ਹਾਂ ਨੂੰ ਘਾਟ ਮਹਿਸੂਸ ਨਹੀਂ ਮੰਨਦੀ ਸਗੋਂ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਜਦ ਕਿਸੇ ਵੀ ਪ੍ਰਤਿਭਾਵਾਨ ਅਪੰਗ ਵਿਅਕਤੀ ਨੂੰ ਉਸ ਦੀ ਕਾਬਲੀਅਤ ਅਨੁਸਾਰ ਰੁਜ਼ਗਾਰ ਨਹੀਂ ਮਿਲਦਾ ਤਾਂ ਉਸ ਨੂੰ ਆਪਣੀ ਸਰੀਰਿਕ ਊਣਤਾ ਦੇ ਨਾਲ-ਨਾਲ ਮਾਨਸਿਕ ਪੀੜ੍ਹਾ ਵੀ ਹੰਢਾਉਣੀ ਪੈਂਦੀ ਹੈ। ਆਓ ਮਿਲ ਕੇ ਮੂਲ ਪਛਾਣੀਏ ਤੇ ਆਪਣੀ ਕਾਬਲੀਅਤ ਦਾ ਲੋਹਾ ਮਨਾ ਕੇ ਇਕ ਤਾਕਤ ਬਣ ਕੇ ਉਭਰੀਏ।

ਡਾ. ਹਰਜੰਗ ਸਿੰਘ ਰੋਡੇ (ਨੈਸ਼ਨਲ ਐਵਾਰਡੀ),
ਪ੍ਰਧਾਨ ਫਿਜ਼ੀਕਲੀ ਹੈਂਡੀਕੈਪਡ ਪਰਸਨਜ਼ ਐਸੋਸੀਏਸ਼ਨ (ਪੰਜਾਬ),
98159-75824

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ ਪ੍ਰੋਗਰਾਮ ਦੀ ਲੜੀ ਵਿੱਚ

SUNNY OBEROI
CLINICAL LAB & DIAGNOSTIC CENTRE



ਗੋਬਿੰਦਗੜ੍ਹ ਬਸਤੀ, ਗੁਰੂਦਵਾਰਾ ਸਾਹਿਬ ਵਾਲੀ ਗਲੀ, (ਨੇੜੇ ਗੁਰੂਦਵਾਰਾ ਸਾਹਿਬ), ਮੋਗਾ
ਸੰਚਾਲਕ : ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)



ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ (ਰਜਿ.)

ਮਾਨਵਤਾ ਦੀ ਸੇਵਾ ਨੂੰ ਸਮਰਪਿਤ !
ਸਾਰੇ ਟੈਸਟ ਸਿਰਫ਼ ਲਾਗਤ ਰੇਟਾਂ ਤੇ
ਉਚ ਤਕਨੀਕ ਨਾਲ ਤੇ ਤਜ਼ੁਰਬੇਕਾਰ ਮਾਹਿਰਾਂ ਵੱਲੋਂ ਕੀਤੇ ਜਾਂਦੇ ਹਨ।

ਲੈਬ ਸੰਪਰਕ ਨੰ.
01636-234374
98149-52730
ਸਰਦੀਆਂ : 8ਵਜੇ ਤੋਂ 5ਵਜੇ ਤੱਕ
ਗਰਮੀਆਂ : 7ਵਜੇ ਤੋਂ 4ਵਜੇ ਤੱਕ

Scanned with CamScanner




## ਸਾਡਾ ਅਤੀਤ ਨਹੀਂ ਰੀਸਾਂ ਘਰ ਦੇ ਬਣੇ ਗੁੜ ਦੀਆਂ

ਉਹਨਾਂ ਸਮਿਆਂ ਦੀ ਗੱਲ ਹੈ ਦੋਸਤੋ ਇਹ, ਜਦੋਂ ਪੰਜਾਬ ਦੇ ਜ਼ਿਆਦਾਤਰ ਲੋਕ ਆਪੋ-ਆਪਣੇ ਖੇਤਾਂ ਵਿਚ ਘਰ ਦਾ ਕਮਾਦ ਬੀਜਿਆ ਕਰਦੇ ਸਨ,ਤੇ ਘਰ ਦਾ ਗੁੜ ਬਣਾ ਕੇ ਜਿਥੇ ਸਾਰੇ ਸਾਲ ਲਈ ਘਰ ਦੇ ਇੱਕ ਜਿਹਾ ਕੇ ਰੱਖ ਲਿਆ ਕਰਦੇ ਸਨ ਉੱਥੇ ਰਿਸ਼ਤੇਦਾਰੀਆਂ ਵਿੱਚ ਵੀ ਗੁੜ ਦੇ ਕੇ ਆਉਣ ਦਾ ਰਿਵਾਜ ਵੀ ਸਿਖਰਾਂ ਤੇ ਰਿਹਾ ਹੈ।ਉਸ ਪਾਸੇ ਜਦੋਂ ਕੋਈ ਰਿਸ਼ਤੇਦਾਰੀ ਹੋਣੀ ਜਿਥੇ ਕਮਾਦ ਦੀ ਬਜਾਏ ਘਾਟ ਹੋਣੀ,ਉਸ ਪਾਸੇ ਬੜੇ ਮਾਣ ਨਾਲ ਗੁੜ ਦੀਆਂ ਭੇਲੀਆਂ ਸਦਾ ਕੇ ਦੇ ਕੇ ਆਉਣੀਆਂ ਤੇ ਅਗਲੇ ਪਾਸੇ ਉਹ ਰਿਸ਼ਤੇਦਾਰ ਵੀ ਉਡੀਕਿਆ ਕਰਦੇ ਸਨ ਕਿ ਘਰ ਦਾ ਬਣਾਇਆ ਹੋਇਆ ਗੁੜ ਆਵੇਗਾ ਤੇ ਉਸ ਦੀ ਚਾਹ ਦਾ ਸਵਾਦ ਵੀ ਨਿਵੇਕਲਾ ਹੀ ਅਤੇ ਬਹੁਤ ਸਵਾਦਲਾ ਹੁੰਦਾ ਸੀ।

ਜੇਕਰ ਪਿੰਡ ਮਿੱਲਾਂ ਨੂੰ ਗੰਨਾ ਭੇਜਣ ਦਾ ਰਿਵਾਜ ਵੀ ਰਿਹਾ ਹੈ ਪਰ ਪਹਿਲਾਂ ਘਰ ਲਈ ਗੁੜ ਬਣਾਉਣ ਨੂੰ ਪਹਿਲ ਦਿੱਤੀ ਜਾਂਦੀ ਸੀ। ਭਾਵੇਂ ਘੁਲਾੜੀਆਂ ਤਾਂ ਸਭ ਘਰ ਦੀਆਂ ਨਹੀਂ ਸਨ ਪਰ ਇੱਕ ਦੂਸਰੇ ਨਾਲ ਭਰਾਵਾਂ ਪਿਆਰ ਤੇ ਅਪਣੱਤ ਬੜੇ ਸਨ ਜ਼ਰੂਰ ਸਨ, ਇਕ ਦੂਸਰੇ ਦੇ ਖੇਤਾਂ ਵਿੱਚ ਲੱਗੀ ਘੁਲਾੜੀ/ਘੁਲਾੜੇ ਤੋਂ ਲੋੜ ਮੁਤਾਬਕ ਗੁੜ ਬਣਾ ਲੈਣਾ। ਜਿਵੇਂ ਕਿ ਅੱਜਕਲ ਵਿਖਾਵੇ ਦੇ ਤੌਰ ਤੇ ਜਾਂ ਕਹਿ ਲਈਏ ਕਿ ਕਾਰੋਬਾਰ/ਕਮਾਈ ਲਈ ਥਾਂ ਥਾਂ ਘੁਲਾੜੀਆਂ ਲੱਗੀਆਂ ਹਨ ਅਤੇ ਆਪਣੀ ਲੋੜ ਅਨੁਸਾਰ ਲੋਕ ਉਨ੍ਹਾਂ ਤੋਂ ਗੁੜ ਬਣਵਾਉਂਦੇ ਹਨ, ਜੋ ਗੁੜ ਵਿਚ ਸੌਂਫ,ਮੂੰਗਫਲੀ ਦੀਆਂ ਗਿਰੀਆਂ, ਅਖਰੋਟ ਦੀਆਂ ਗਿਰੀਆਂ ਬੜੇ ਸ਼ੌਕ ਨਾਲ ਗੁੜ ਵਿੱਚ ਪਵਾਉਂਦੇ ਨੇ ਜੋ ਖਾਣ ਵਿਚ ਗੁੜ ਖਾਣ ਤੋਂ ਜ਼ਿਆਦਾ ਹਨ/ਇਹ ਘੁਲਾੜੀਆਂ ਖੂਨੀ-ਪਟਿਆਲਾ ਰੋਡ, ਜਲੰਧਰ-ਹੁਸ਼ਿਆਰਪੁਰ ਰੋਡ, ਤੇ ਆਮ ਹਨ ਵੈਸੇ ਹਰ ਇੱਕ ਰੋਡ ਤੇ ਹੀ ਹੁਣ ਆਪੋ-ਆਪਣੇ ਕਾਰੋਬਾਰ ਦੇ ਹਿਸਾਬ ਨਾਲ ਲੋਕ ਲਗਾ ਰਹੇ ਹਨ। ਬਿਲਕੁਲ ਇਸੇ ਤਰ੍ਹਾਂ ਹੀ ਪਹਿਲੇ ਸਮਿਆਂ ਵਿੱਚ ਵੀ ਗੁੜ ਦੀਆਂ ਭੇਲੀਆਂ ਵਿਚ ਸੌਂਫ, ਖਸ, ਮੂੰਗਫਲੀ ਦੀਆਂ ਗਿਰੀਆਂ ਪਾਈਆਂ ਜਾਂਦੀਆਂ ਰਹੀਆਂ ਹਨ।

ਵੈਸੇ ਤਾਂ ਚਾਹ ਪੀਂਦੇ ਹੀ ਲੋਕ ਬਹੁਤ ਘਟ ਸਨ ਜੇਕਰ ਪੀਂਦੇ ਦੀ ਗਲ ਕਰੀਏ ਤਾਂ ਗੁੜ ਦੀ ਬਣੀ ਚਾਹ ਨੂੰ ਪਹਿਲ ਦਿੱਤਾ ਜਾਂਦਾ ਰਿਹਾ ਹੈ। ਉਸੇ ਤਰ੍ਹਾਂ ਤੇ ਅੱਜਕਲ ਆਮ ਢਾਬਿਆਂ ਤੇ ਇਹ ਲਿਖਿਆ ਮਿਲਦਾ ਹੈ ਕਿ ਇਥੇ ਗੁੜ ਦੀ ਚਾਹ ਵੀ ਬਣਦੀ/ਮਿਲਦੀ ਹੈ।

ਜੇਕਰ ਪੁਰਾਤਨ ਸਮਿਆਂ ਦੀ ਗੱਲ ਕਰੀਏ ਤਾਂ ਸਾਰੇ ਪਿੰਡ ਦੇ ਜੋ ਗਰੀਬ ਪਰਿਵਾਰਾਂ ਲਈ ਕਮਾਦ ਵਰਦਾਨ ਸਨ ਕਿਉਂਕਿ ਕਮਾਦ ਛਿੱਲਣ ਲਈ ਲੋਕ ਟੋਕਰੀਆਂ ਖੱਡ ਕੇ ਜਾਇਆ ਕਰਦੇ ਸਨ,ਕਮਾਦ ਦੇ ਆਗ ਜਾਂ ਪੱਛੀ ਨੂੰ ਕਤਰੇ ਚਾਰਿਆਂ ਮਸ਼ੀਨਾਂ ਨਾਲ ਕੁਤਰ ਕੇ ਪਸ਼ੂਆਂ ਨੂੰ ਪਾਇਆ ਜਾਂਦਾ ਸੀ ਤੇ ਪਸ਼ੂ ਮਿਠਾਸ ਕਰਕੇ ਬਹੁਤ ਖੁਸ਼ ਹੋ ਕੇ ਖਾਇਆ ਕਰਦੇ ਸਨ।ਗਰੀਬ ਪਰਿਵਾਰ ਉਡੀਕਦੇ ਰਹਿੰਦੇ ਸਨ ਕਿ ਕਿਸ ਦਿਨ ਕੌਣਦੇ ਕਮਾਦ ਛਿਲਣਾ ਹੈ। ਜੇਕਰ ਕਿਸੇ ਵੱਡੇ ਪਰਿਵਾਰ ਕਿਸਾਨ ਦੇ ਜ਼ਿਆਦਾ ਕਮਾਦ ਬੀਜਿਆ ਹੋਣਾ ਤਾਂ ਉਸ ਕਮਾਦ ਛਿੱਲਣ ਲਈ ਜ਼ਿਆਦਾ ਲੋਕਾਂ ਦੀ ਲੋੜ ਹੋਣੀ ਤਾਂ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਅਨਾਊਂਸਮੈਂਟ ਵੀ ਕੀਤੀ ਜਾਂਦੀ ਰਹੀ ਹੈ।



ਆਪਾਂ ਤੇ ਖੋਹੀ ਦੀਆਂ ਟਾਹਣੀਆਂ ਕੱਢ ਭਰ ਭਰ ਘਰੀਂ ਲਿਆਉਂਦੇ ਲੋਕ ਜਾਣ ਨੇ ਅੱਖੀਂ ਵੇਖੇ ਹਨ। ਇਸ ਬਣੇ ਗੁੜ ਦੀ ਉਹਨਾਂ ਸਮਿਆਂ ਵਿੱਚ ਆਮ ਲੋਕ ਸ਼ਰਾਬ ਵੀ ਕੱਢਿਆ ਕਰਦੇ ਸਨ।

ਜੇ ਦੋਸਤੋ ਗੱਲ ਤਾਂ ਸਮੇਂ ਸਮੇਂ ਦੀ ਹੁੰਦੀ ਹੈ ਅਜੋਕੇ ਸਮੇਂ ਵਿੱਚ ਗੁੜ ਦੀ ਚਾਹ ਕੋਈ ਵਿਰਲਾ ਹੀ ਪੀ ਕੇ ਰਾਜ਼ੀ ਹੈ। ਵੈਸੇ ਕਹਾਵਤ ਹੈ ਕਿ:-

"ਘਰ ਦੇ ਗੁੜ ਜਿਹੀ ਚੀਜ਼ ਨਾ ਆਖੇ ਸਾਰਾ ਜੱਗ।
ਅੱਜਕਲ ਸੱਭ ਇਹ ਭੁੱਲ ਗਏ,ਖਾਣ ਬਜ਼ਾਰੂ ਪੌਣ ਸੁਆਹ ਅੱਗ।"

ਅਜੋਕੇ ਬੱਚਿਆਂ ਨੂੰ ਭਾਵ ਨਵੀਂ ਪਨੀਰੀ ਨੂੰ ਇਨ੍ਹਾਂ ਗੱਲਾਂ ਦਾ ਕੋਈ ਇਲਮ ਨਹੀਂ ਹੈ। ਜੇਕਰ ਕੋਈ ਮਾਂ ਬਾਪ ਆਪਣਾ ਫਰਜ਼ ਸਮਝ ਕੇ ਬੱਚਿਆਂ ਨੂੰ ਆਪਣੇ ਪੁਰਾਤਨ ਵਿਰਸੇ ਨੂੰ ਜਾਂ ਅਤੀਤ ਤੋਂ ਇਨ੍ਹਾਂ ਨੂੰ ਜਾਣੂ ਕਰਵਾਉਣਾ ਵੀ ਚਾਹੁੰਦਾ ਹੈ ਤਾਂ ਇਨ੍ਹਾਂ ਕੋਲ ਕੰਪਿਊਟਰ ਜਾਂ ਮੋਬਾਈਲ ਵਿੱਚੋਂ ਹੀ ਨਹੀਂ ਨਿਕਲਿਆ ਜਾਂਦਾ। ਇਹ ਘੁਲਾੜੀਆਂ ਤੇ ਘੁਲਾੜਿਆਂ ਤੇ ਗੁੜ ਬਨਣ ਤੋਂ ਇਨ੍ਹਾਂ ਨੇ ਲੈਣਾ ਵੀ ਕੀ ਹੈ? ਇਸੇ ਕਰਕੇ ਹੀ ਕਿਹਾ ਜਾਂਦਾ ਹੈ ਕਿ"ਨਵੇਂ ਨਵੇਂ ਮਿੱਤ ਤੇ ਪੁਰਾਣੇ ਕੀਹਦੇ ਚਿੱਤ"

ਗੁਜ਼ਰ ਚੁੱਕਿਆ ਸਮਾਂ ਕਦੇ ਵੀ ਵਾਪਸ ਨਹੀਂ ਆ ਸਕਦਾ ਇੱਕ ਜ਼ਿੰਦਗੀ ਸਭ ਦੇ ਵਲਵਲੇ ਹਨ ਜੋ ਦੋਸਤਾਂ ਮਿੱਤਰਾਂ ਨਾਲ ਉਮਰ ਦੇ ਤਜਰਬੇ ਵਿਚੋਂ ਕਦੇ ਕਦੇ ਸਾਂਝ ਕਰ ਲਈਦੇ ਹਨ। ਕਿਉਂਕਿ ਹਮ ਉਮਰ ਦੋਸਤ ਮਿੱਤਰ ਜਦੋਂ ਮਿਲਦੇ ਹਨ ਤੇ ਆਪੋ-ਆਪਣੇ ਵਿਚਾਰ ਸਾਂਝੇ ਕਰਦੇ ਹਨ ਤਾਂ ਵਾਕਿਆ ਹੀ ਬਚਪਨ ਵਿਚ ਪਹੁੰਚ ਜਾਈਦਾ ਹੈ ਦੋਸਤੋ।

ਜਸਵੀਰ ਸ਼ਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਜਦ ਕੰਨਾਂ ਵਿਚ ਗੂੰਜ ਮਧਾਣੀ ਪਾਉਂਦੀ ਸੀ



ਜਦੋਂ ਅਸੀ ਪੰਜਾਬੀ ਸੱਭਿਆਚਾਰ ਦੀ ਗੱਲ ਕਰੀਏ ਤਾਂ ਸਾਡੇ ਮਨ ਵਿਚ ਸਿੱਧੇ ਸਾਦੇ ਨਿਰਮਲ ਅਤੇ ਅਤਿਅੰਤ ਮਿਹਨਤੀ ਪੇਂਡੂ ਜੀਵਨ ਦੀ ਤਸਵੀਰ ਆ ਜਾਂਦੀ ਹੈ। ਕੁਝ ਸਮਾਂ ਪਹਿਲਾਂ ਤੱਕ ਤਾਂ ਇਹਨ ਸਵੀਰ ਸਾਫ ਸੀ ਪਰ ਜਦੋਂ ਤੋਂ ਸੰਚਾਰ ਮਾਧਿਅਮ ਵਿਚ ਕ੍ਰਾਂਤੀ ਆਈ ਇਸ ਤਸਵੀਰ ਤੇ ਇਨ੍ਹਾਂ ਘੱਟਾ ਪਿਆ ਕਿ ਸਾਨੂੰ ਆਪਣੇ ਸੱਭਿਆਚਾਰ ਨੂੰ ਪਛਾਨਣਾ ਔਖਾ ਹੋ ਰਿਹਾ ਹੈ।

ਹਾਂ! ਜੇਕਰ ਅਸੀ ਇਕਾਗਰਚਿੱਤ ਹੋ ਕੇ ਵਿਹਲ ਕੱਢ ਕੇ ਪੰਜਾਬੀ ਸੱਭਿਆਚਾਰ ਬਾਰੇ ਸੋਚੀਏ ਤਾਂ ਸਾਨੂੰ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਖੇਤਾਂ ਵਿਚ ਹਲ ਚਲਦੇ, ਬਲਦਾਂ ਦੇ ਗਲ ਦੀਆਂ ਟੱਲੀਆਂ ਦੀ ਟਨ-ਟਨ ਅਤੇ ਹਾਲੀਆਂ ਦੀਆਂ ਲੰਮੀਆਂ ਹੇਕਾਂ ਵਿਚ ਹੀਰ ਦੀਆਂ ਕਲੀਆਂ ਸੁਣਾਈ ਦਿੰਦੀਆਂ ਹਨ। ਭੱਤਾ ਲੈ ਕੇ ਜਾਂਦੀਆਂ ਮੁਟਿਆਰਾਂ, ਚਟੂਰਿਆਂ ਵਿਚ ਮਧਾਣੀ ਦੇ ਰਿੜਕਣ ਦੀ ਆਵਾਜ਼ ਸੁਣਾਈ ਦਿੰਦੀ ਸੀ। ਮਧਾਣੀ ਦੀ ਗੂੰਜ ਦੇ ਨਾਲ ਸਤਿਗੁਰੂ ਦੀ ਬਾਣੀ ਦੀ ਗੂੰਜ ਵੀ ਕੰਨਾਂ ਵਿਚ ਆਪ-ਮੁਹਾਰੇ ਸੁਣਾਈ ਦੇਣ ਲੱਗ ਪੈਂਦੀ ਸੀ।

ਜਦ ਕੰਨਾਂ ਵਿਚ ਗੂੰਜ ਮਧਾਣੀ ਪਾਉਂਦੀ ਸੀ,
ਆਪ ਮੁਹਾਰੇ ਬਾਣੀ ਚੇਤੇ ਆਉਂਦੀ ਸੀ।

ਪੰਜਾਬੀ ਸੱਭਿਆਚਾਰ ਦਾ ਇਕ ਅਨਿੱਖੜਵਾਂ ਅੰਗ ਚਰਖਾ ਅੱਜ ਵਿਰਲੇ ਘਰਾਂ ਵਿਚ ਕਿਸੇ ਖੋਲ-ਖੂੰਜੇ ਵਿਚ ਪਿਆ ਹੋਵੇਗਾ ਅਤੇ ਆਪਣੀ ਕਿਸਮਤ ਨੂੰ ਰੋ ਰਿਹਾ ਹੋਵੇਗਾ। ਉਹ ਦਿਨ ਯਾਦ ਕਰਦਾ ਹੋਵੇਗਾ ਜਦੋਂ ਮੁਟਿਆਰਾਂ ਇਕੱਠੀਆਂ ਹੋ ਕੇ ਕਿਸੇ ਦੇ ਘਰ ਦੀ ਸੁਆਤ ਵਿਚ ਰਾਤ ਨੂੰ ਦੀਵੇ ਦੀ ਲੋਅ ਵਿਚ ਤੰਦ ਪਾਉਂਦੀਆਂ ਸਨ ਤੇ ਗੀਤ ਗਾਉਂਦੀਆਂ ਹਨ। ਉਹ ਵੀ ਆਪਣੀ ਘੂਕਰ ਨਾਲ ਗੀਤਾਂ ਨੂੰ ਸੰਗੀਤਮਈ ਕਰਦਾ ਸੀ।

'ਜੋਗੀ ਉਤਰ ਪਹਾੜੋਂ ਆਇਆ ਚਰਖੇ ਦੀ ਘੂਕ ਸੁਣ ਕੇ'

ਅੱਜ ਦੀ ਪੀੜ੍ਹੀ ਦੇ ਬੱਚਿਆਂ ਨੂੰ ਕੀ ਪਤਾ ਕਿ ਚਰਮਖ ਕੀ ਹੁੰਦੀ ਹੈ, ਛੱਲੀ, ਹੱਥੀ, ਤਕਲਾ ਜਾਂ ਮਾਲ੍ਹ ਕੀ ਹੁੰਦੀ ਹੈ? ਪਹਿਲਾਂ ਭਾਈਚਾਰਕ ਸਾਂਝ ਸੀ ਜਿਸ ਤੋਂ ਭਾਵ ਪੁਰਾਣੇ ਪੰਜਾਬ ਦੇ ਉਸ ਸਹਿਯੋਗ ਤੋਂ ਹੈ ਜੋ ਜ਼ਰੂਰਤ ਸਮੇਂ ਇਕ ਦੂਜੇ ਨੂੰ ਦਿੱਤਾ ਜਾਂਦਾ ਸੀ। ਪੁਰਾਣੇ ਲੋਕਾਂ ਦੀ ਇਕ ਦੂਜੇ ਨੂੰ ਸਹਿਯੋਗ ਦੇਣ ਦੀ ਭਾਵਨਾ ਦੇ ਰੂਪ ਸਨ ਛੋਪ ਪਾਉਣਾ, ਤ੍ਰਿੰਞਣ, ਤ੍ਰੀਮੰਞਣ, ਆਵਤ ਅਤੇ ਮੰਗ ਪਾਉਣੀ ਆਦਿ। ਇਸਤਰੀਆਂ ਦੇ ਜੀਵਨ ਵਿਚ ਜ਼ਿਆਦਾ ਮੌਕੇ ਆਉਂਦੇ ਸਨ ਜਦੋਂ ਇਕ ਦੂਜੇ ਦੇ ਸਹਿਯੋਗ ਦੀ ਜ਼ਰੂਰਤ ਪੈਂਦੀ ਸੀ। ਇਸਤਰੀਆਂ ਦੇ ਕੰਮ ਦਰੀਆਂ ਬੁਨਣਾ, ਖੇਸ ਬੁਨਣਾ, ਚਰਖੇ ਕੱਤਣਾ, ਕਸੀਦਾ ਕੱਢਣਾ ਆਦਿ ਅਜਿਹੇ ਕੰਮ ਸਨ ਜਿਹੜੇ ਇਕ ਇਸਤਰੀ ਦੇ ਵੱਸ ਦਾ ਰੋਗ ਨਹੀ ਸੀ। ਇਨ੍ਹਾਂ ਹੀ ਕੰਮਾਂ ਨੂੰ ਛੇਤੀ ਨੇਪਰੇ ਚਾੜ੍ਹਨ ਲਈ ਇਕ ਦੂਜੇ ਨੂੰ ਸਹਿਯੋਗ ਦਿੱਤਾ ਜਾਂਦਾ ਸੀ। ਇਸੇ ਸਹਿਯੋਗ ਨੂੰ ਭਾਈਚਾਰਕ ਸਾਂਝ ਦਾ ਨਾਮ ਦਿੱਤਾ ਗਿਆ। ਕੁੜੀ ਦੇ ਵਿਆਹ ਲਈ ਬਹੁਤ ਸਾਰੇ ਸੂਤ ਦੀ ਜ਼ਰੂਰਤ ਪੈਂਦੀ ਸੀ। ਇਸੇ ਲਈ ਕੁੜੀਆਂ ਇਕੱਠੀਆਂ ਹੋ ਕੇ ਸੂਤ ਕੱਤਦੀਆਂ ਜਿਸ ਨੂੰ ਤ੍ਰਿੰਞਣ ਕਿਹਾ ਜਾਂਦਾ। ਇਸੇ ਤਰ੍ਹਾਂ ਦੇ ਕੰਮਾਂ ਦੇ ਛੇਤੀ ਨੇਪਰੇ ਚਾੜ੍ਹਣ ਦੇ ਲਈ ਔਰਤਾਂ ਦੇ ਮੁਕਾਬਲੇ ਹੁੰਦੇ, ਇਨ੍ਹਾਂ ਮੁਕਾਬਲਿਆਂ ਨੂੰ ਛੋਪ ਪਾਉਣਾ ਕਿਹਾ ਗਿਆ। ਪੰਜਾਬ ਵਿਚ ਸੇਵੀਆਂ ਪ੍ਰਹੁਣਾਚਾਰੀ ਦਾ ਵਿਸ਼ੇਸ਼ ਅੰਗ ਹੈ। ਸੇਵੀਆਂ ਸਾਉਣ ਤੇ ਭਾਦੋਂ ਵਿਚ ਵੱਟੀਆਂ ਜਾਂਦੀਆਂ ਸਨ। ਇਸਤਰੀਆਂ ਇਕ ਘਰ ਵਿਚ ਇਕੱਠੀਆਂ ਹੋ ਕੇ ਮੈਦੇ ਦੀਆਂ ਬਰੀਕ ਸੇਵੀਆਂ ਦੇ ਲੰਮੇ ਤੰਦ ਕੱਢਦੀਆਂ ਤੇ ਨਾਲ-ਨਾਲ ਗੀਤ ਗਾਉਂਦੀਆਂ, ਹਾਸਾ ਮਾਖੌਲ ਹੁੰਦਾ, ਪਤਾ ਹੀ ਨਹੀਂ ਸੀ ਲੱਗਦਾ ਕਿ ਕਦੋਂ ਸਾਰੇ ਸਾਲ ਲਈ ਸੇਵੀਆਂ ਦਾ ਭੰਡਾਰ ਜਮ੍ਹਾਂ ਹੋ ਜਾਂਦਾ। ਇਕੱਠੀਆਂ ਹੋ ਕੇ ਕੰਮ ਕਰਨ ਦੀ ਭਾਵਨਾ ਆਪਸੀ ਮੇਲ-ਜੋਲ ਅਤੇ ਪਿਆਰ ਨੂੰ ਹੋਰ ਗਾੜ੍ਹਾ ਕਰ ਦਿੰਦੀ ਹੈ। ਸੇਵੀਆਂ ਦੀ ਮਕਬੂਲੀਅਤ ਖਤਮ ਤਾਂ ਨਹੀਂ ਹੋਈ ਪਰ ਹੋਰ ਕਈ ਪ੍ਰਕਾਰ ਦੇ ਮਿੱਠਾ ਖਾਣ-ਪਦਾਰਥ ਆਉਣ ਕਾਰਨ ਇਸ ਦੀ ਮੰਗ ਘੱਟ ਜ਼ਰੂਰ ਗਈ ਹੈ। ਚਾਹੇ ਮਸ਼ੀਨਾਂ ਦੇ ਆਉਣ ਨਾਲ ਸਮੇਂ ਦੀ ਬੱਚਤ ਹੋਈ ਪਰ ਭਾਈਚਾਰਕ ਸਾਂਝ ਅਤੇ ਇਸਤਰੀਆਂ ਦੇ ਇਕੱਠੇ ਹੋ ਕੇ ਬੈਠਣ ਦੇ ਮੌਕੇ ਵੀ ਘਟ ਗਏ। ਅੱਜ ਸਾਨੂੰ ਲੋੜ ਹੈ ਕਿ ਅਸੀਂ ਆਪਣੇ ਅਸਲੀ ਪੰਜਾਬੀ ਸੱਭਿਆਚਾਰ ਦੀ ਸੰਭਾਲ ਕਰੀਏ, ਭਾਈਚਾਰਕ ਸਾਂਝ ਬਣਾ ਲਈਏ। ਅਲੋਪ ਹੋ ਰਹੀ ਪੁਰਾਤਨ ਵਿਰਸੇ ਦੀ ਭਾਈਚਾਰਕ ਸਾਂਝ ਕਾਇਮ ਰੱਖੀਏ। ਕਿਤੇ ਸਮੇਂ ਦੀ ਧੂੜ ਸਾਡੇ ਵਿਰਸੇ ਨੂੰ ਧੁੰਦਲਾ ਨਾ ਕਰ ਦੇਵੇ।

ਕਿਰਨਦੀਪ ਕੌਰ ਗੋਲਡੀ

ਹਾਥਰਸ ਦੀ ਘਟਨਾ ਨੇ ਇੱਕ ਵਾਰ ਫਿਰ ਮਨੁੱਖਤਾ ਨੂੰ ਸ਼ਰਮਸਾਰ ਕਰ ਦਿੱਤਾ ਹੈ।

ਅਸੀਂ ਇਸ ਘਿਨਾਉਣੀ ਹਰਕਤ ਦੀ ਨਿੰਦਿਆਂ ਕਰਦੇ ਹਾਂ ਅਤੇ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਭਿਆਨਕ ਸਜਾ-ਏ-ਮੌਤ ਦੇ ਕੇ ਭਾਰਤ ਦੀ ਧੀ ਨਾਲ ਇਨਸਾਫ ਕੀਤਾ ਜਾਵੇ।

ਭਵਨਦੀਪ ਸਿੰਘ ਪੁਰਬਾ ਅਤੇ ਸਮੂੰਹ ਸਟਾਫ
'ਮਹਿਕ ਵਤਨ ਦੀ ਲਾਈਵ' ਬਿਓਰੋ

ਮਹਿਕ ਵਤਨ ਦੀ
'Mahak Watan Di Live'

Scanned with CamScanner




ਹਾਸੇ ਤੇ ਹੰਝੂ

—ਡਾ ਅਮਰਜੀਤ ਟਾਂਡਾ (ਸਿਡਨੀ)

# ਜਦੋਂ ਓਹੀ ਮਹਿਬੂਬ ਉਹ ਨਹੀ ਰਹਿੰਦਾ

ਇਹ ਦੁਨੀਆ ਪ੍ਰੇਮ ਦੀਆਂ ਅਦਭੁੱਤ ਉਦਾਹਰਣਾਂ ਨਾਲ ਭਰੀ ਹੋਈ ਹੈ ਪਰ ਅੱਜ ਜ਼ਿਆਦਾਤਰ ਮਾਮਲਿਆਂ ਵਿਚ ਅਸੀਂ ਪਾਉਂਦੇ ਹਾਂ ਕਿ ਕੁਝ ਲੈਣ ਦਾ ਮਾਧਿਅਮ ਹੀ ਰਹਿ ਗਿਆ ਹੈ। ਪ੍ਰੇਮ ਇਕ ਲਕਸ਼ ਬਣ ਗਿਆ ਹੈ। ਜਦਕਿ ਪ੍ਰੇਮ ਤਾਂ ਇਕ ਲਗਾਤਾਰ ਚੱਲਣ ਵਾਲੀ ਪ੍ਰਕਿਰਿਆ ਹੈ ਜੋ ਹਮੇਸ਼ਾ ਚੱਲਦੀ ਹੀ ਰਹਿਣੀ ਚਾਹੀਦੀ ਹੈ। ਉਸ ਦਾ ਕੋਈ ਪੜਾਅ ਜਾਂ ਨਿਸ਼ਚਿਤ ਮੰਜ਼ਿਲ ਨਹੀਂ ਹੈ। ਇਕ ਦੂਜੇ ਤੇ ਭਰੋਸਾ, ਇਕ ਦੂਜੇ ਦੀਆਂ ਗਲਤੀਆਂ ਨੂੰ ਨਜ਼ਰ ਅੰਦਾਜ਼ ਕਰਨਾ, ਹਰ ਕੰਮ 'ਤੇ ਸਲਾਹ-ਮਸ਼ਵਰਾ ਅਤੇ ਸਹਿਮਤੀ ਹੋਵੇ। ਭੁੱਲ ਕਰਨਾ ਤਾਂ ਸਧਾਰਨ ਮਨੁੱਖੀ ਸੁਭਾਅ ਹੈ। ਅਜਿਹਾ ਕੋਈ ਨਹੀ ਜਿਸ ਕੋਲੋਂ ਗਲਤੀ ਨਾ ਹੁੰਦੀ ਹੋਵੇ। ਅਜਿਹੇ ਸਮੇਂ ਇਕ-ਦੂਜੇ ਨੂੰ ਦੋਸ਼ੀ ਠਹਿਰਾ ਕੇ ਤਨਾਓ ਪੈਦਾ ਕਰਨਾ ਮੂਰਖਤਾ ਹੈ। ਸਮਝਦਾਰ ਲੋਕ ਸਮੱਸਿਆਵਾਂ ਦਾ ਹੱਲ ਸਮਝਦਾਰੀ ਨਾਲ ਕਰਦੇ ਹਨ, ਝਗੜੇ ਨਾਲ ਨਹੀਂ ਤਾਂ ਕੀ ਤੁਸੀ ਚੰਗੇ ਪ੍ਰੇਮੀ ਜਾਂ ਪ੍ਰੇਮਿਕਾ ਬਣੇ ਰਹਿਣ ਲਈ ਖੁਦ ਨੂੰ ਤਿਆਰ ਕਰੋਗੇ।

ਉਂਞ ਤਾਂ ਵਿਆਹ ਦੇ ਬਾਅਦ ਪਰਿਸਥਿਤੀਆਂ ਕੁਝ ਇੰਞ ਬਦਲਦੀਆਂ ਹਨ ਕਿ ਬਹੁਤ ਕੁਝ ਗੜਬੜਾ ਜਾਂਦਾ ਹੈ, ਸਭ ਉਲਟ ਪੁਲਟ, ਪਹਿਲਾਂ ਵੇਖੇ ਸੁਪਨੇ ਹਵਾ ਹੋ ਜਾਂਦੇ ਹਨ। ਉਹ ਚਾਨਣੀ ਨਹੀ ਦਿਸਦੀ। ਵਿਆਹ ਤੋਂ ਪਹਿਲਾਂ ਕੁਆਰੇ ਪ੍ਰੇਮਿਕਾ-ਪ੍ਰੇਮੀ ਨੂੰ ਵਿਆਹ ਦੇ ਬਾਅਦ ਘਰ ਗ੍ਰਹਿਸਥੀ ਚਲਾਉਣ ਦੇ ਬਾਰੇ ਕੁਝ ਖਾਸ ਪਤਾ ਨਹੀਂ ਹੁੰਦਾ ਅਤੇ ਜਦੋਂ ਵਿਆਹ ਦੇ ਬਾਅਦ ਸਭ ਕੁਝ ਆਪਣੇ ਉੱਪਰ ਆ ਜਾਂਦਾ ਹੈ ਤਾਂ ਅਸਮਾਨ ਘੁੰਮ ਜਾਂਦਾ ਹੈ।

ਰਾਹ ਬਦਲ ਜਾਂਦੇ ਹਨ, ਆਰਥਿਕ ਸਮੱਸਿਆਵਾਂ ਆਦਮੀ ਦੇ ਅੰਦਰ ਚਿੜਚਿੜਾਪਨ ਲਿਆ ਦਿੰਦੀਆਂ ਹਨ -ਓਹੀ ਮਹਿਬੂਬ ਉਹ ਨਹੀ ਰਹਿੰਦਾ। ਪਹਿਲਾਂ ਵਾਲੇ ਤੋੜੇ ਸਤਾਰੇ ਓਦਾਂ ਨਹੀ ਕਿਤੇ ਲੱਭਦੇ।

ਕੋਈ ਵੀ ਆਪਣੇ ਆਪ ਨੂੰ ਦੂਜੇ ਸਾਹਮਣੇ ਕਮਜ਼ੋਰ ਸਾਬਤ ਨਹੀਂ ਕਰਨਾ ਚਾਹੁੰਦਾ ਅਤੇ ਭਰਪੂਰ ਮੁਕਾਬਲਾ ਕਰਦਾ ਹੈ। ਇਕ ਦੂਜੇ ਤੇ ਦੋਸ਼ ਲਗਾਉਣ ਦੇ ਇਸ ਦੌਰ ਵਿਚ ਸਦਾ ਰਹਿੰਦਾ ਹੈ। ਜੋ ਸ਼ਰਾਰਤਾਂ, ਜੋ ਗਲਤੀਆਂ ਵਿਆਹ ਤੋਂ ਪਹਿਲਾਂ ਹੱਸ ਕੇ ਟਾਲ ਦਿੱਤੀਆਂ ਜਾਂਦੀਆਂ ਹਨ ਉਹ ਵਿਆਹ ਤੋਂ ਬਾਅਦ ਵੱਡੀਆਂ ਖਾਮੀਆਂ ਬਣ ਜਾਂਦੀਆਂ ਹਨ। ਗੱਲ-ਗੱਲ ਤੇ ਨੋਕ-ਝੋਂਕ ਸੁਰੂ ਹੋ ਜਾਂਦੀ ਹੈ। ਖਾਸ ਤੌਰ 'ਤੇ ਬੰਦੇ ਛੋਟੀਆਂ-ਛੋਟੀਆਂ ਗਲਤੀਆਂ 'ਤੇ ਬੋਲਣਾ ਸੁਰੂ ਕਰ ਦਿੰਦੇ ਹਨ।

ਅਜਿਹਾ ਘੱਟ ਹੀ ਹੁੰਦਾ ਹੈ ਕਿ ਕਿਸੇ ਜੋੜੇ ਦਾ ਪਿਆਰ ਸਾਰੀ ਉਮਰ ਬਣਿਆ ਹੀ ਰਹੇ। ਅਜਿਹੀ ਹੀ ਇਕ ਉਦਾਹਰਣ ਦੁਨੀਆ ਬਦਲਣ ਵਾਲੇ ਬਲਦੀਮੋਰ ਇਲਯੀਚ ਓਲਯਾਨੋਵ ਲੈਨਿਨ ਦੀ ਹੈ। ਉਨ੍ਹਾਂ ਦਾ ਕਰੂਪਸਕਾਯਾ ਦੇ ਨਾਲ ਪਿਆਰ ਸਾਰਾ ਜੀਵਨ ਕਾਇਮ ਰਿਹਾ। ਸ਼ਾਇਦ ਹੀ ਦੋਹਾਂ ਵਿਚ ਕਦੀ ਝਗੜਾ ਹੋਇਆ ਹੋਵੇ। ਲੈਨਿਨ 20-20 ਘੰਟੇ ਤੱਕ ਕੰਮ ਕਰਦੇ ਰਹੇ ਅਤੇ ਕਰੂਪਸਕਾਯਾ ਉਨ੍ਹਾਂ ਦੀ ਮਦਦ ਅਤੇ ਦੇਖਭਾਲ ਕਰਦੀ ਰਹੀ। ਦੋਹਾਂ ਨੇ ਕਦੀ ਵਿਧੀ ਪੂਰਵਕ ਵਿਆਹ ਨਹੀਂ ਕਰਵਾਇਆ ਅਤੇ ਸਾਰਾ ਜੀਵਨ ਜੀਵਨ ਸਾਥੀ ਵਾਂਗ ਰਹੇ।

# ਘਰ ਦੀ ਰਸੋਈ

ਪੇਸ਼ਕਸ਼:
ਭਾਗਵੰਤੀ ਪੁਰਬਾ

## ਫਲਾਂ ਦਾ ਸਲਾਦ


**ਸਮੱਗਰੀ :**

4 ਚੀਕੂ, 5 ਖਰਬੂਜੇ ਦੀਆਂ ਫਾੜਾਂ। 200 ਗ੍ਰਾਮ ਦਹੀਂ, 1 ਪਾਈਨਐਪਲ, ਇਕ ਅਨਾਰ, 1 ਸੰਤਰਾ, 2 ਕੇਲੇ, ਚੀਨੀ ਤੇ ਬਰਫ ਲੋੜ ਅਨੁਸਾਰ।

**ਵਿਧੀ :**

ਸਭ ਤੋਂ ਪਹਿਲਾਂ ਬਰਫ ਚੂਰ ਚੂਰ ਕਰ ਲਓ, ਸੰਤਰਾ ਛਿਲੋ ਅਤੇ ਉਸ ਦਾ ਗੁਦਾ ਕੱਢ ਲਓ। ਪਾਈਨਐਪਲ ਗੋਲ ਟੁਕੜੇ ਕੱਟੋ, ਖਰਬੂਜੇ ਦੀਆਂ ਛੋਟੀਆਂ ਛੋਟੀਆਂ ਫਾੜਾਂ ਕਰੋ।

ਹੁਣ ਇਕ ਵੱਡੀ ਪਲੇਟ ਵਿਚ ਪਾਈਨਐਪਲ ਦੇ ਟੁਕੜੇ ਵਿਛਾ ਕੇ ਰੱਖ ਦਿਓ। ਇਸ ਦੇ ਉਪਰ ਬਰਫ ਦੇ ਟੁਕੜੇ ਪਾਓ, ਫਿਰ ਸੰਤਰੇ ਦੇ ਗੁੱਦੇ ਨੂੰ ਬਰਫ ਦੇ ਟੁੱਕੜਿਆਂ 'ਤੇ ਫੈਲਾ ਦਿਓ। ਦਹੀਂ-ਚੀਨੀ ਚੰਗੀ ਤਰਾਂ ਫੇਂਟ ਲਓ। ਇਸ ਨੂੰ ਸੰਤਰੇ ਦੇ ਉਪਰ ਚੰਗੀ ਤਰਾਂ ਫੈਲਾਓ। ਯਾਦ ਰਹੇ ਕਿ ਦਹੀਂ ਮਿੱਠਾ ਅਤੇ ਮਜ਼ੇਦਾਰ ਹੋਵੇ। ਫਿਰ ਕੇਲੇ ਅਤੇ ਖਰਬੂਜੇ ਦੀਆਂ ਪਤਲੀਆਂ ਫਾੜਾਂ ਨੂੰ ਪਲੇਟ ਦੇ ਚਾਰੇ ਪਾਸੇ ਰੱਖੋ। ਇਨ੍ਹਾਂ ਸਾਰਿਆਂ ਦੇ ਉਪਰ ਅਨਾਰ ਦੇ ਲਾਲ ਦਾਣੇ ਅਤੇ ਚੀਕੂ ਸਜਾ ਕੇ ਰੱਖ ਦਿਓ।





## ਮਸਾਲੇਦਾਰ ਰਾਇਤਾ

**ਸਮੱਗਰੀ :**

ਚਮਚ ਜੀਰਾ ਭੁੰਨਿਆ ਹੋਇਆ, ਅੱਧਾ ਚਮਚ ਗਰਮ ਮਸਾਲਾ, 270 ਗ੍ਰਾਮ ਵੇਸਨ, 500 ਗ੍ਰਾਮ ਦਹੀਂ, ਤਲਣ ਲਈ ਘਿਓ ਜਾਂ ਤੇਲ, 1 ਚਮਚ ਲਾਲ ਮਿਰਚ, ਨਮਕ।

**ਵਿਧੀ :**

ਅੱਧਾ ਕੱਪ ਪਾਣੀ ਵਿਚ ਵੇਸਨ ਘੋਲ ਕੇ ਚੰਗੀ ਤਰਾਂ ਉਸਨੂੰ ਮਲ ਲਓ। ਇਕ ਕੜਾਹੀ ਵਿਚ ਘਿਓ ਜਾਂ ਤੇਲ ਪਾ ਕੇ ਗਰਮ ਕਰੋ। ਜਦੋਂ ਇਹ ਪੂਰੀ ਤਰਾਂ ਪਕਾਉਣ ਯੋਗ ਹੋ ਜਾਵੇ ਤਾਂ ਇਕ ਮੋਟੀ ਬੂੰਦੀ ਬਨਾਉਣ ਵਾਲੀ ਪੌਣੀ ਰਾਹੀਂ ਪਤਲੀਆਂ-ਪਤਲੀਆਂ ਪਕੌੜੀਆਂ ਤਲ ਲਓ। ਫੇਰ ਠੰਡੇ ਪਾਣੀ ਵਿਚ ਥੋੜੀ ਦੇਰ ਲਈ ਭਿਉਂ ਦਿਓ।

ਦਹੀਂ ਨੂੰ ਮਧਾਣੀ ਰਾਹੀਂ ਮੱਥ ਕੇ ਉਹ ਵਿਚ ਥੋੜਾ ਪਾਣੀ ਪਾ ਕੇ ਪਤਲਾ ਕਰ ਲਓ। ਉਪਰੋਂ ਨਮਕ, ਮਿਰਚ, ਮਸਾਲੇ ਪਾ ਕੇ ਪਕੌੜੀਆਂ ਵੀ ਪਾ ਦਿਓ। ਖਾਣ ਵੇਲੇ ਇਸ ਰਾਇਤੇ ਨੂੰ ਪਲੇਟਾਂ ਵਿਚ ਸਜਾ ਕੇ ਉਪਰੋਂ ਥੋੜਾ ਕੱਟਿਆ ਹੋਇਆ ਹਰਾ ਧਨੀਆ ਪਾ ਦਿਓ।

## ਜਦੋ ਪੈਰਾਂ ਵਿਚ ਦਰਦ ਹੋਵੇ...



ਕਈ ਵਾਰ ਹੀਲ ਪਹਿਨਣ ਨਾਲ, ਬਹੁਤੀ ਦੇਰ ਖੜ੍ਹੇ ਹੋ ਕੇ ਕੰਮ ਕਰਨ ਨਾਲ ਜਾਂ ਪੈਦਲ ਤੁਰਨ ਨਾਲ ਪੈਰਾਂ ਵਿਚ ਦਰਦ ਹੋਣਾ ਤਾਂ ਆਮ ਗੱਲ ਹੈ ਅਤੇ ਇਹ ਥੋੜ੍ਹੀ ਦੇਰ ਵਿਚ ਹੀ ਦੂਰ ਹੋ ਜਾਂਦਾ ਹੈ ਪਰ ਲਗਾਤਾਰ ਪੈਰਾਂ ਵਿਚ ਦਰਦ ਰਹੇ ਤਾਂ ਇਹ ਨਾ ਸਿਰਫ ਅੱਖਾਂ ਵਿਚ ਹੰਝੂ ਲੈ ਆਉਂਦਾ ਹੈ, ਸਗੋਂ ਤੁਸੀ ਕੋਈ ਵੀ ਕੰਮ ਕਰਨ ਜਾਂ ਕਿਤੇ ਵੀ ਆਉਣ-ਜਾਣ ਲਈ ਮਜਬੂਰ ਮਹਿਸੂਸ ਕਰਨ ਲੱਗਦੇ ਹੋ। ਮਾਸਪੇਸ਼ੀਆਂ ਵਿਚ ਜਕੜਨ, ਮਾਸਪੇਸ਼ੀਆਂ ਦੀ ਥਕਾਵਟ, ਬਹੁਤਾ ਤੁਰਨਾ, ਮਾਸਪੇਸ਼ੀਆਂ ਵਿਚ ਤਣਾਅ ਪੈਦਾ ਕਰਨ ਵਾਲੀ ਕਸਰਤ, ਗੋਡਿਆਂ, ਗੁੱਟਿਆਂ ਅਤੇ ਪੈਰਾਂ ਵਿਚ ਖੂਨ ਦਾ ਸਹੀ ਸੰਚਾਰ ਨਾ ਹੋਣਾ, ਪਾਣੀ ਦੀ ਕਮੀ, ਸਹੀ ਡਾਈਟ ਨਾ ਲੈਣਾ, ਖਾਣੇ ਵਿਚ ਕੈਲਸ਼ੀਅਮ ਅਤੇ ਪੋਟਾਸ਼ੀਅਮ ਵਰਗੇ ਮਿਨਰਲਸ ਅਤੇ ਵਿਟਾਮਿਨ ਦੀ ਕਮੀ ਹੋਣ ਨਾਲ ਪੈਰਾਂ ਵਿਚ ਲਗਾਤਾਰ ਦਰਦ ਰਹਿਣ ਲੱਗਦਾ ਹੈ। ਖਾਸ ਕਰ ਔਰਤਾਂ ਵਿਚ ਖਾਣਾ ਬਣਾਉਣ, ਘਰ ਦੀ ਸਫ਼ਾਈ ਕਰਨ, ਕੱਪੜੇ ਧੋਣ ਵੇਲੇ, ਲੰਬੇ ਸਮੇਂ ਤੱਕ ਪੈਰਾਂ ਨੂੰ ਮੋੜੀ ਰੱਖਣ ਅਤੇ ਕੰਮਕਾਜੀ ਔਰਤਾਂ ਵਲੋਂ ਬੱਸ ਵਿਚ ਖੜ੍ਹੇ ਹੋ ਕੇ ਲੰਬਾ ਸਫਰ ਤੈਅ ਕਰਨ ਵਰਗੇ ਰੁਟੀਨ ਦੇ ਕੰਮਾਂ ਦਾ ਅਸਰ ਵੀ ਇਸ ਦਰਦ ਦੇ ਰੂਪ ਵਿਚ ਸਾਹਮਣੇ ਆ ਸਕਦਾ ਹੈ। ਉੱਚ ਹੀ ਉੱਚੀ ਅੱਡੀ ਦੇ ਫੁਟਵੀਅਰ ਨੂੰ ਲਗਾਤਾਰ ਜੀਵਨਸ਼ੈਲੀ ਦਾ ਹਿੱਸਾ ਬਣਾਉਣਾ ਦਰਦ ਦਾ ਕਾਰਨ ਬਣਦਾ ਹੈ। ਕਾਰਨ ਭਾਵੇਂ ਕੋਈ ਵੀ ਹੋਵੇ ਪਰ ਲਗਾਤਾਰ ਰਹਿਣ ਵਾਲੇ ਪੈਰਾਂ ਦੇ ਇਸ ਦਰਦ ਨੂੰ ਨਾਰਮਲ ਸਮਝ ਕੇ ਇਸ ਨੂੰ ਨਜ਼ਰਅੰਦਾਜ਼ ਕਰਨਾ ਠੀਕ ਨਹੀਂ ਕਿਉਂਕਿ ਇਹ ਅਣਦੇਖੀ ਤੁਹਾਨੂੰ ਵੱਡੇ ਦਰਦ ਦਾ ਸਾਹਮਣਾ ਕਰਨ 'ਤੇ ਵੀ ਮਜਬੂਰ ਕਰ ਸਕਦੀ ਹੈ। ਇਸ ਤੋਂ ਪਹਿਲਾਂ ਕਿ ਪੈਰਾਂ ਦਾ ਦਰਦ ਤੁਹਾਨੂੰ ਹਰ ਕੰਮ ਲਈ ਮੁਥਾਜ ਕਰਕੇ ਬਿਸਤਰੇ 'ਤੇ ਲੈ ਆਵੇ, ਇਸ 'ਤੇ ਛੇਤੀ ਹੀ ਕਾਬੂ ਕਰ ਲੈਣਾ ਬਿਹਤਰ ਹੋਵੇਗਾ।

**ਦਰਦ ਤੋਂ ਇੰਞ ਪਾਓ ਛੁਟਕਾਰਾ :** ਦਰਦ ਤੋਂ ਰਾਹਤ ਹਾਸਲ ਕਰਨ ਲਈ ਡਾਕਟਰ ਨੂੰ ਦਿਖਾ ਕੇ ਦਵਾਈ ਜ਼ਰੂਰ ਲਓ ਪਰ ਆਪਣੀ ਰੁਟੀਨ ਦੇ ਜੀਵਨ 'ਚ ਤਬਦੀਲੀ ਲਿਆ ਕੇ ਵੀ ਤੁਸੀਂ ਪੈਰਾਂ ਦੇ ਦਰਦ ਤੋਂ ਛੁਟਕਾਰਾ ਹਾਸਲ ਕਰ ਸਕਦੇ ਹੋ।

**ਪਾਣੀ ਪੀਣਾ ਜ਼ਰੂਰੀ :** ਆਪਣੀ ਪਾਣੀ ਪੀਣ ਦੀ ਆਦਤ 'ਤੇ ਧਿਆਨ ਦਿਓ ਅਤੇ ਲੋੜੀਂਦੀ ਮਾਤਰਾ ਵਿਚ ਪਾਣੀ ਪੀਓ ਕਿਉਂਕਿ ਇਹ ਮਾਸਪੇਸ਼ੀਆਂ ਦੀ ਜਕੜਨ ਅਤੇ ਪੈਰਾਂ ਦੇ ਦਰਦ ਨੂੰ ਘੱਟ ਕਰਦਾ ਹੈ। ਜੇਕਰ ਤੁਸੀਂ ਜਿਮ ਜਾਂਦੇ ਹੋ ਜਾਂ ਐਕਸਰਸਾਈਜ਼ ਅਤੇ ਵਾਕ ਕਰਦੇ ਹੋ ਤਾਂ ਉਸ ਤੋਂ ਪਹਿਲਾਂ ਵੀ ਸਹੀ ਮਾਤਰਾ ਵਿਚ ਪਾਣੀ ਪੀਓ। ਇਹ ਸਰੀਰ ਨੂੰ ਪੂਰੀ ਤਰ੍ਹਾਂ ਹਾਈਡ੍ਰੇਟ ਰੱਖਦਾ ਹੈ।

**ਪੌਸ਼ਟਿਕ ਭੋਜਨ ਹੋਵੇ ਰੁਟੀਨ ਦਾ ਹਿੱਸਾ :** ਫਲਾਂ ਦਾ ਜੂਸ ਪੀਓ, ਸੰਤੁਲਿਤ ਅਤੇ ਪੌਸ਼ਟਿਕ ਭੋਜਨ ਖਾਓ, ਹਰੀਆਂ ਸਬਜ਼ੀਆਂ, ਗਾਜਰਾਂ, ਕੇਲਾ, ਮੇਵੇ, ਸੇਬ, ਸੰਤਰਾ ਅਤੇ ਅੰਗੂਰ ਆਦਿ ਨੂੰ ਆਪਣੇ ਖਾਣੇ ਵਿਚ ਸ਼ਾਮਲ ਕਰੋ। ਦੁੱਧ ਨਾਲ ਬਣੇ ਉਤਪਾਦ ਵਧੇਰੇ ਲਓ, ਪਨੀਰ ਅਤੇ ਦਹੀਂ ਤੋਂ ਇਲਾਵਾ ਸੋਇਆਬੀਨ ਅਤੇ ਸਲਾਦ ਆਦਿ ਤੋਂ ਭਰਪੂਰ ਵਿਟਾਮਿਨ ਮਿਲਣਗੇ। ਆਪਣੇ ਖਾਣੇ ਵਿਚ ਅਜਿਹੀਆਂ ਚੀਜ਼ਾਂ ਦੀ ਮਾਤਰਾ ਵਧਾਓ, ਜਿਨ੍ਹਾਂ ਵਿਚ ਕੈਲਸ਼ੀਅਮ ਅਤੇ ਪੋਟਾਸ਼ੀਅਮ ਵਧੇਰੇ ਮਾਤਰਾ ਵਿਚ ਹੋਵੇ।

**ਐਕਸਰਸਾਈਜ਼ ਅਤੇ ਯੋਗ ਵੀ ਕਰੋ :** ਜੇਕਰ ਅਜੇ ਤੱਕ ਕਸਰਤ ਅਤੇ ਯੋਗ ਕਰਨਾ ਸ਼ੁਰੂ ਨਹੀਂ ਕੀਤਾ ਤਾਂ ਇਸ ਨੂੰ ਛੇਤੀ ਸ਼ੁਰੂ ਕਰੋ ਅਤੇ ਰੁਟੀਨ ਵਿਚ ਕਰੋ। ਇਹ ਤੁਹਾਨੂੰ ਦਿਮਾਗੀ ਅਤੇ ਸਰੀਰਕ ਤੌਰ 'ਤੇ ਫਿੱਟ ਰੱਖੇਗਾ ਅਤੇ ਪੈਰਾਂ ਦੇ ਦਰਦ ਅਤੇ ਸਾਹ ਦੀ ਸਮੱਸਿਆ ਤੋਂ ਵੀ ਛੁਟਕਾਰਾ ਦਿਵਾਏਗਾ। ਪੈਰਾਂ ਦੇ ਦਰਦ ਵਿਚ ਕੁਝ ਖਾਸ ਤਰ੍ਹਾਂ ਦੀ ਲੈੱਗ ਸਟ੍ਰੈਚਿੰਗ ਐਕਸਰਸਾਈਜ਼ ਵੀ ਫਾਇਦੇਮੰਦ ਹੁੰਦੀ ਹੈ। ਇਸ ਨਾਲ ਬਲੱਡ ਸਰਕੂਲੇਸ਼ਨ ਅਤੇ ਮਸਕੂਲਰ ਫਾਈਬਰ ਸਹੀ ਹੁੰਦਾ ਹੈ।

ਧੰਨਵਾਦ ਸਹਿਤ: ਪਰਵਾਸੀ

ਪਾਰਸ ਅਰੋੜਾ
75288-65335
94642-20270

DarkBuck

ਸੁਖਮੰਦਰ ਸਿੰਘ
85228-00001

ਮੈਸ. ਰਹਿਮਤ ਇਗਜ਼ਿਮ

ਇੱਥੇ ਕੰਧਾਂ ਦੀ ਸਜਾਵਟ ਕਰਨ ਵਾਸਤੇ ਕਈ ਰੰਗਾਂ ਅਤੇ ਡਿਜ਼ਾਇਨਾਂ ਵਿਚ ਪੀ.ਵੀ.ਸੀ. ਪੈਨਲ ਮਿਲਦੇ ਹਨ। ਵਧੀਆ ਕਾਰੀਗਰਾਂ ਦਾ ਖਾਸ ਪ੍ਰਬੰਧ ਹੈ।

ਅੰਮ੍ਰਿਤਸਰ ਰੋਡ, ਨੇੜੇ ਡਾ. ਖੰਨਾ ਹਸਪਤਾਲ, ਮੋਗਾ।

Scanned with CamScanner




## ਰਿਪੀ ਗਰੇਵਾਲ ਦੇ ਗੀਤ ਅੰਨਦਾਤਾ ਨੂੰ ਮਿਲਿਆ ਭਰਵਾਂ



ਪੰਜਾਬੀ ਗਾਇਕੀ ਖੇਤਰ 'ਚ ਆਪਣੇ ਸਾਫ ਸੁਥਰੇ ਗੀਤਾਂ ਨਾਲ ਵਿਲੱਖਣ ਨਾਮਣਾ ਖੱਟਣ ਵਾਲੀ ਤੇ ਲੋਕ ਹਮੇਸ਼ਾ ਫਿਕਰਮੰਦੀਆਂ ਭਰਮ ਗਾਇਕਾ ਰਿਪੀ ਗਰੇਵਾਲ ਕਿਸਾਨਾਂ ਦੇ ਮੌਜੂਦਾ ਹਲਾਤਾਂ ਅਤੇ ਚੱਲ ਰਹੇ ਸੰਘਰਸ਼ ਦੀ ਤਰਜਮਾਨੀ ਕਰਦੇ ਗੀਤ ਅੰਨਦਾਤਾ ਨਾਲ ਫਿਰ ਚਰਚਾ 'ਚ ਆ ਗਈ।

ਇਸ ਗੀਤ ਸਬੰਧੀ ਗੱਲ ਤੇ ਗੱਲਬਾਤ ਕਰਦਿਆਂ ਗਾਇਕਾ ਰਿਪੀ ਗਰੇਵਾਲ ਨੇ ਦੱਸਿਆ ਕਿ ਅੰਨਦਾਤਾ ਗੀਤ ਨੂੰ ਪੰਜਾਬੀ ਸੰਗੀਤਕ ਖੇਤਰ ਦੀ ਨਾਮਵਰ ਰਿਕਾਰਡਿੰਗ ਕੰਪਨੀ ਉਡਣਾ ਬਾਜ ਇੰਟਰਟੇਨਮੈਂਟ ਵੱਲੋਂ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ। ਅਤੇ ਇਸ ਗੀਤ ਨੂੰ ਸਾਹਿਤਕ ਅਤੇ ਉਸਾਰੂ ਗੀਤਾਂ ਦੇ ਰਚੇਤਾ ਸਿਰਮੌਰ ਗੀਤਕਾਰ ਅਕਬੀਲ ਖਰਾਜ ਵੱਲੋਂ ਕਲਮਬੱਧ ਕੀਤਾ ਗਿਆ ਹੈ ਅਤੇ ਇਸ ਗੀਤ ਨੂੰ ਚਰਚਿਤ ਸੰਗੀਤਕਾਰ ਜੇ.ਬੀ.ਆਰ. ਨੇ ਸੰਗੀਤਕ ਧੁਨਾਂ ਨਾਲ ਸ਼ਿੰਗਾਰਿਆ ਹੈ।

ਅਖੀਰ 'ਚ ਗਾਇਕਾ ਰਿਪੀ ਗਰੇਵਾਲ ਨੇ ਦੱਸਿਆ ਕਿ ਪ੍ਰੋਡਿਊਸਰ ਭੁਪਿੰਦਰ ਸਿੰਘ ਕਲੇਰ ਜਿਨ੍ਹਾਂ ਦੀ ਨਿਗਰਾਨੀ ਅਤੇ ਕਸ਼ਮੀਰ ਨਾਗਲ ਖਨੌਰਾ ਅਤੇ ਤਰਲੋਚਨ ਸਿੰਘ ਖਨੌਰਾ ਦੇ ਵਿਸ਼ੇਸ਼ ਸਹਿਯੋਗ ਨਾਲ ਰਿਲੀਜ਼ ਕੀਤੇ ਗਏ ਮੇਰੇ ਨਵੇਂ ਗੀਤ ਅੰਨਦਾਤਾ ਨੂੰ ਵੱਡੇ ਪੱਧਰ ਤੇ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੇ ਸੂਝਵਾਨ ਸਰੋਤਿਆਂ ਦੀ ਸਦਾ ਰਿਣੀ ਹਾਂ ਜਿਨ੍ਹਾਂ ਨੇ ਮੇਰੇ ਪਹਿਲੇ ਗੀਤਾਂ ਵਾਂਗ ਇਸ ਗੀਤ ਨੂੰ ਵੀ ਦਿਲੋਂ ਪਿਆਰ ਕਬੂਲਿਆ ਹੈ।

ਪੇਸ਼ਕਸ਼: ਇਕਬਾਲ ਕਲਿਆਣ ਮੋਗਾ, 98559 64415

## ਗਾਇਕਾ ਦਲਜੀਤ ਕੌਰ ਪਟਿਆਲਾ ਦਾ ਗੀਤ ਕਰੋਨਾ ਦਰਸ਼ਕਾਂ ਦੀ ਬਣਿਆ ਪਸੰਦ





ਦਰਸ਼ੀ ਭੱਟੀਵਾਲ
ਨਿਰਮਾਤਾ
+0 617 695 6165

ਪੰਜਾਬੀ ਗਾਇਕੀ ਦੇ ਖੇਤਰ ਵਿਚ ਕੁੜੀਆਂ ਨੇ ਵੀ ਆਪਣਾ ਖੂਬ ਨਾਮ ਕਮਾਇਆ ਹੈ ਅਤੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ ਹੈ ਜਿਹਨਾਂ ਵਿਚੋਂ ਇੱਕ ਹੈ ਸੋਹਣੀ ਸੁਨੱਖੀ ਤੇ ਖੂਬਸੂਰਤ ਮੁਟਿਆਰ ਗਾਇਕਾ ਦਲਜੀਤ ਕੌਰ ਪਟਿਆਲਾ ਜਿਸ ਦੇ ਕਾਫੀ ਗੀਤ ਮਾਰਕਿਟ ਵਿੱਚ ਆਏ ਹਨ ਤੇ ਸਰੋਤਿਆਂ ਵੱਲੋਂ ਭਰਪੂਰ ਪਿਆਰ ਮਿਲਿਆ ਅਤੇ ਮਿਲ ਰਿਹਾ ਹੈ ਗੀਤ ਇਟਲੀ, ਚੂੜੇ ਵਾਲੀ, ਅਤ ਦੀ ਸ਼ੌਕੀਨ, ਸਰਦਾਰਾ, ਵਿਚੋਲਾ ਹੁਣੇ ਹੀ ਨਵਾਂ ਗੀਤ ਮਾਰਕੀਟ ਵਿੱਚ ਆਇਆ ਕਰੋਨਾ ਗੀਤ ਨੇ ਵੀ ਦਰਸ਼ਕਾਂ ਦੇ ਦਿਲਾਂ ਵਿੱਚ ਆਪਣੀ ਖਾਸ ਪਛਾਣ ਬਣਾ ਲਈ ਹੈ।

ਇਸ ਗੀਤ ਨੂੰ ਲਿਖਿਆ ਹੈ ਨਿੰਮਾ ਡੱਲੇਵਾਲਾ ਨੇ ਅਤੇ ਸੰਗੀਤਬੱਧ ਦਵਿੰਦਰ ਬੈਂਸ ਜੀ ਨੇ ਕੀਤਾ ਹੈ। ਇਸ ਗੀਤ ਨੂੰ ਜਵੰਧਾ ਰਿਕਾਰਡਜ਼ ਕੰਪਨੀ ਵਿਚੋਂ ਦਰਸ਼ੀ ਭੱਟੀਵਾਲ ਦੀ ਪੇਸ਼ਕਸ਼ ਹੇਠ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ।

ਗਾਇਕਾ ਦਲਜੀਤ ਕੌਰ ਪਟਿਆਲਾ ਨੇ ਗੱਲ ਬਾਤ ਦੌਰਾਨ ਦੱਸਿਆ ਕਿ ਕਰੋਨਾ ਗੀਤ ਲਈ ਉਸ ਨੂੰ ਖੂਬ ਵਾਹ ਵਾਹ ਮਿਲ ਰਹੀ ਹੈ ਅਤੇ ਅੱਗੇ ਤੋਂ ਵੀ ਉਹ ਆਪਣੀ ਆਵਾਜ਼ ਵਿੱਚ ਹੋਰ ਵਧੀਆ ਗੀਤ ਦਰਸ਼ਕਾਂ ਦੀ ਝੋਲੀ ਵਿਚ ਪਾਵੇਗੀ।

Audio Recording
Video Albums
Cassetts Realising
A.D. Films
Book Publish
Book Printing
Param
. Advertisment in all of Newspaper & Magazine
For Kind Information Contact by
Param Production Regd.
001-778-241-2148
+ 91-98766-94771
Email : param_production@rediffmail.com






# ਵਿਦੇਸ਼ਾਂ ਦੇ ਨਾਂਅ 'ਤੇ ਹੁੰਦੀ ਲੁੱਟ



ਭਵਨਦੀਪ ਸਿੰਘ ਪੁਰਬਾ

ਮੋ. 99889-29988

ਵਿਦੇਸ਼ ਦਾ ਤਾਂ ਨਾਂਅ ਹੀ ਵੱਡਾ ਹੈ। ਵਿਦੇਸ਼ 'ਬਾਹਰ' ਸ਼ਬਦ ਸੁਣਦੇ ਹੀ ਪੰਜਾਬੀਆਂ ਦੇ ਦੀਦੇ ਟਪਕਣ ਲੱਗ ਪੈਂਦੇ ਹਨ। ਕਿਹਾ ਜਾਂਦਾ ਹੈ ਕਿ ਏਅਰਪੋਰਟ 'ਤੇ ਜਾਣ ਸਾਰ ਹੀ ਬਾਹਰਲੇ ਨਜ਼ਾਰੇ ਦਿਸਣ ਲੱਗ ਪੈਂਦੇ ਹਨ। ਮੈਨੂੰ ਵੀ ਮੌਕਾ ਮਿਲਿਆ ਇੰਦਰਾ ਗਾਂਧੀ ਅੰਤਰ ਰਾਸ਼ਟਰੀ ਹਵਾਈ ਅੱਡੇ 'ਤੇ ਜਾਣ ਦਾ। ਜਦ ਛੋਟੇ ਵੀਰ ਨੂੰ ਆਸਟ੍ਰੇਲੀਆ ਭੇਜਣ ਲਈ ਏਅਰਪੋਰਟ 'ਤੇ ਛੱਡਣ ਗਏ ਤਾਂ ਸਵੇਰੇ 9 ਵਜੇ ਦੀ ਫਲਾਈਟ ਸੀ ਤੇ ਅਸੀਂ ਰਾਤ ਨੂੰ 11 ਵਜੇ ਪਹੁੰਚ ਗਏ। ਖੁੱਲ੍ਹਾ ਸਮਾਂ ਸੀ। ਮੈਂ, ਮੇਰੇ ਮਾਮਾ ਜੀ ਤੇ ਮੇਰੇ ਮਾਸੜ ਜੀ ਨੇ ਚੰਗੀ ਤਰ੍ਹਾਂ ਵਾਚਿਆ ਏਅਰਪੋਰਟ ਨੂੰ।

ਏਅਰ ਪੋਰਟ ਤੇ ਹਰ ਵਿਅਕਤੀ ਬੇਚੈਨੀ ਤੇ ਇੰਤਜ਼ਾਰ 'ਚ ਹੀ ਸੀ। ਜੋ ਲੋਕ ਸਕੇ-ਸਬੰਧੀਆਂ ਨੂੰ ਛੱਡਣ ਆਏ ਸੀ ਉਹ ਜਹਾਜ ਦੀ ਉਡਾਨ ਭਰਨ ਦੀ ਉਡੀਕ ਕਰ ਰਹੇ ਸਨ ਤੇ ਜੋ ਕਿਸੇ ਨੂੰ ਲੈਣ ਆਏ ਸਨ ਉਹ ਆਉਣ ਵਾਲੇ ਜਹਾਜ ਦੀ ਉਡੀਕ ਕਰ ਰਹੇ ਸਨ। ਪੰਜਾਬ ਦੇ ਕਹਿੰਦੇ ਕਹਾਉਂਦੇ ਲੋਕ ਤੇ ਖਾਸ ਕਰਕੇ ਬਜ਼ੁਰਗ, ਜਿਨ੍ਹਾਂ ਨੇ ਕਦੇ ਘੜੇ ਪਾਣੀ ਦਾ ਗਲਾਸ ਭਰ ਕੇ ਆਪ ਨਹੀਂ ਪੀਤਾ ਹੋਣਾ ਉਹ ਵੱਡੇ-ਵੱਡੇ ਅਟੈਚੀ ਕੇਸ ਟਰਾਲੀਆਂ 'ਚ ਰੱਖ ਕੇ ਧੱਕੀ ਜਾਂਦੇ ਸਨ। ਆਪ ਤੋਂ ਤੁਰਿਆ ਨਹੀਂ ਜਾਂਦਾ ਪਰ ਮਜ਼ਬੂਰੀ ਵੱਸ ਉਨ੍ਹਾਂ ਨੂੰ ਟਰਾਲੀਆਂ ਵੀ ਧੱਕਣੀਆਂ ਪੈਂਦੀਆਂ ਹਨ। ਬਜ਼ੁਰਗਾਂ ਦੀ ਭੀੜ ਜ਼ਿਆਦਾ ਸੀ। ਇਸ ਦਾ ਕਾਰਨ ਸ਼ਾਇਦ ਇਹੀ ਹੈ ਕਿ ਬਜ਼ੁਰਗਾਂ ਨੂੰ ਬਾਹਰ ਜਾਣ 'ਤੇ ਪੈਨਸ਼ਨਾਂ ਲੱਗ ਜਾਂਦੀਆਂ ਹਨ। ਉਹ ਦੋ-ਚਾਰ ਮਹੀਨੇ ਬਾਹਰ ਲਾ ਆਉਂਦੇ ਹਨ ਪੈਨਸ਼ਨ ਨਾਲ ਟਿਕਟ ਜੋਗੇ ਤੇ ਖਰਚੇ ਜੋਗੇ ਪੈਸੇ ਵਧੀਆ ਬਣ ਜਾਂਦੇ ਹਨ। ਬੱਸ ਫੇਰ ਭਾਰਤ ਤੋਂ ਵਿਦੇਸ਼ ਤੇ ਵਿਦੇਸ਼ ਤੋਂ ਭਾਰਤ।

ਵੇਟਿੰਗ ਰੂਮ (ਉਡੀਕ ਘਰ) ਵੱਲ ਕਦਮ ਵਧਾਈਏ ਤਾਂ ਗੇਟ 'ਚ ਹੀ ਦੋ ਜਵਾਨ ਖੜ੍ਹੇ ਤੁਹਾਡੇ ਸੁਆਗਤ ਕਰਦੇ ਹੋਏ ਆਖਣਗੇ, ਐਂਟਰੀ ਸਲਿੱਪ ਪਲੀਜ਼।' ਅੰਦਰ ਬੈਠ ਕੇ ਉਡੀਕ ਕਰਨ ਦੀ ਹੀ ਇੱਕ ਆਦਮੀ ਨੂੰ 50 ਰੁਪਏ ਦੀ ਟਿਕਟ ਲੈਣੀ ਪੈਂਦੀ ਹੈ, ਖ਼ੂਬ ਲੁੱਟਿਆ ਜਾਂਦਾ ਹੈ ਜਨਤਾ ਨੂੰ।

ਏਅਰਪੋਰਟ ਦੀਆਂ ਕੰਟੀਨਾਂ ਤੋਂ ਸਿਵਾਏ ਏਅਰਪੋਰਟ ਦੇ ਲਾਗੇ-ਚਾਗੇ ਚਾਹ-ਪਾਣੀ ਦਾ ਕੋਈ ਪ੍ਰਬੰਧ ਨਹੀਂ। ਕੈਨਟੀਨਾਂ ਵੀ ਕਾਹਦੀਆਂ, ਉਥੇ ਵੀ ਲੁੱਟ ਮੱਚੀ ਏ। ਚਾਹ ਦਾ ਕੱਪ 25 ਰੁਪਏ ਤੇ ਕੌਫੀ ਦਾ ਕੱਪ 30 ਰੁਪਏ। ਕੌਫੀ ਵੀ ਕਾਹਦੀ, ਆਪਾਂ ਤਾਂ ਉਹੋ ਜਿਹੀ ਕੌਫੀ ਵੰਡ ਵਾਲੇ ਭਾਂਡੇ 'ਚ ਵੀ ਨਹੀਂ ਪਾਉਂਦੇ। ਅਸੀਂ ਚਾਰਾ ਨੇ ਕੌਫੀ ਦੇ ਕੱਪ ਤਾਂ ਲੈ ਲਏ ਪਰ ਕੌਫੀ ਦਾ ਘੁੱਟ ਭਰੀਏ ਤੇ ਬਾਹਰ ਨੂੰ ਆਵੇ। ਨਾ ਉਸ ਵਿਚ ਖੰਡ ਨਾ ਦੁੱਧ। ਮੈਂ ਤੇ ਮਾਮਾ ਜੀ ਨੇ ਤਾਂ ਔਖੇ-ਸੌਖੇ ਕੌਫੀ ਦਾ ਅੱਧਾ-ਅੱਧਾ ਕੱਪ ਪੀ ਹੀ ਲਿਆ ਪਰ ਦੋਵੇਂ ਮਾਸੜ ਜੀਆਂ ਨੇ ਤਾਂ ਇੱਕ-ਇੱਕ ਘੁੱਟ ਭਰਕੇ ਡੋਲ੍ਹ ਦਿੱਤੀ। ਅਸੀਂ ਕੰਟੀਨ ਵਾਲੇ ਨਾਲ ਕਾਫੀ ਔਖੇ-ਭਾਰੇ ਹੋਏ ਕਿ ਸਾਨੂੰ ਖਰਾਬ ਕੌਫੀ ਦਿੱਤੀ ਹੈ। ਅਸੀਂ ਵੀ ਪੰਜਾਬੀਆਂ ਵਾਲੀ ਕੀਤੀ। ਕੰਨਟੀਨ ਦੇ ਮੂਹਰੇ ਖੜ੍ਹ ਗਏ ਤੇ, ਜੋ ਵੀ ਗਾਹਕ ਆਵੇ, ਉਸ ਨੂੰ ਕਹਿ ਦੇਣਾ ਕਿ ਇਹ ਚਾਹ ਕੌਫੀ ਖਰਾਬ ਹੈ। ਅਸੀਂ ਬਹੁਤ ਗਾਹਕ ਖਰਾਬ ਕੀਤੇ ਉਸ ਦੇ ਪਰ ਸਦਕੇ ਜਾਈਏ, ਉਸ ਦੀ ਨਿਮਰਤਾ ਦੇ, ਜੋ ਇੱਕ ਲਫ਼ਜ਼ ਵੀ ਨਹੀਂ ਬੋਲਿਆ।



ਫੇਰ ਮਾਮਾ ਜੀ ਕਹਿਣ ਲੱਗੇ, 'ਚਲੋ ਚੱਲ ਕੇ ਅੰਦਰਲੀ ਕੰਟੀਨ ਤੋਂ ਚਾਹ ਪਾਣੀ ਪੀਨੇ ਆਂ, ਜੋ ਵੇਟਿੰਗ ਹਾਲ 'ਚ ਹੈ।' ਪਰ ਅੰਦਰਲੀ ਕੰਟੀਨ ਦਾ ਵੀ ਇਹੋ ਹਾਲ। ਫੇਰ ਵੱਡੇ ਮਾਮਾ ਜੀ ਨੇ ਕਿਹਾ ਕਿ, 'ਦਿੱਲੀ ਦਾ ਦੁੱਧ ਹੀ ਅਜਿਹਾ ਹੈ, ਇਹ ਸਾਡਾ ਪੰਜਾਬ ਨਹੀਂ ਹੈ, ਜਿੱਥੇ ਦੁੱਧ 'ਚ ਪਾਣੀ ਪਾਇਆ ਜਾਂਦਾ ਹੈ, ਇੱਥੇ ਤਾਂ ਪਾਣੀ 'ਚ ਦੁੱਧ ਪਾਇਆ ਜਾਂਦਾ ਹੈ।

ਸਵੇਰ ਦੇ 5 ਵੱਜ ਗਏ। ਅਸੀਂ ਨਹਾਉਣ-ਧੋਣ ਵਾਲ ਪਾਸੇ ਗਏ ਪਰ ਉੱਥੇ ਨਹਾਉਣਾ ਤਾਂ ਦੂਰ ਦੀ ਗੱਲ, ਮੂੰਹ ਧੋਣ ਨੂੰ ਵੀ ਪਾਣੀ ਨਸੀਬ ਨਹੀਂ ਹੋਇਆ। ਇਨੀਆਂ ਲੰਮੀਆਂ-ਲੰਮੀਆਂ ਲਾਇਨਾਂ ਜਿਵੇਂ ਥੋੜ੍ਹਾ ਸਮਾਂ ਪਹਿਲਾ ਪੰਜਾਬ 'ਚ ਡੀਪੂ 'ਤੇ ਮਿੱਟੀ ਦਾ ਤੇਲ ਲੈਣ ਲਈ ਲੱਗੀਆਂ ਹੁੰਦੀਆਂ ਹਨ। ਲੈਟਰੀਨ ਜਾਣ ਵਾਲਿਆਂ ਦੀ ਲੁੱਟ ਉੱਥੇ ਵੀ, ਜੋ ਵੀ ਬਾਹਰ ਨਿੱਕਲੇ 10-20 ਰੁਪਏ ਦੇ ਕੇ ਹੀ ਖਹਿੜਾ ਛੁੱਟੇ, ਪਤਾ ਨਹੀਂ ਇਹ 10-20 ਰੁਪਏ ਅੱਡਾ ਅਥੌਰਟੀ ਵੱਲੋਂ ਸਨ ਜਾਂ ਫਿਰ ...।

ਮੁੱਕਦੀ ਗੱਲ ਤਾਂ ਇਹ ਹੈ ਕਿ ਇਹ ਸਭ ਵਿਦੇਸ਼ ਨੂੰ ਜਾਣ ਵਾਲਿਆਂ ਨੂੰ ਲੁੱਟਣ ਦਾ ਵਸੀਲਾ ਬਣਿਆ ਹੈ। ਉਨ ,ਾਂ ਨੂੰ ਪਹਿਲਾਂ ਟਰੈਵਲ ਏਜੰਟ ਲੁੱਟਦੇ ਹਨ ਤੇ ਫਿਰ ਅੰਬੈਸੀਆਂ ਵਾਲੇ। ਉਨਾਂ ਨੇ ਤਾਂ ਫੀਸ ਪਹਿਲਾਂ ਜਮ੍ਹਾਂ ਕਰਵਾ ਲੈਣੀ ਹੈ, ਭਾਵੇਂ ਵੀਜਾ ਲੱਗੇ, ਭਾਵੇਂ ਨਾ। ਵੀਜਾ ਲੱਗਣ ਤੋਂ ਬਾਅਦ ਵਿਦੇਸ਼ ਜਾਣ ਵਾਲੇ ਤੇ ਉਨ੍ਹਾਂ ਦੇ ਆਰ-ਪਰਿਵਾਰ ਦੀ ਲੁੱਟ ਹੁੰਦੀ ਹੈ ਏਅਰਪੋਰਟ 'ਤੇ। ਵਿਦੇਸ਼ਾਂ ਤੋਂ ਵਾਪਸ ਆ ਕੇ ਉਹੀ ਵਿਅਕਤੀ ਲੁੱਟਦੇ ਹਨ ਪੰਜਾਬ 'ਚ ਰਹਿੰਦੇ ਹੋਰ ਲੋਕਾਂ ਨੂੰ, ਜੋ ਵਿਦੇਸ਼ ਜਾਣ ਦੇ ਚਾਹਵਾਨ ਹਨ। ਵਿਦੇਸ਼ ਤੋਂ ਵਾਪਸ ਆਉਣ ਵਾਲੇ ਵਿਅਕਤੀ ਕੋਲ ਤਾਂ 'ਵਿਆਹ' ਨਾਂਅ ਦਾ ਲਾਇਸੈਂਸ ਬਣ ਜਾਂਦਾ ਹੈ ਲੁੱਟਣ ਲਈ। ਉਹ ਵਿਆਹਾਂ ਦੇ ਨਾਂਅ 'ਤੇ ਜਿੰਨੀ ਮਰਜ਼ੀ ਲੁੱਟ ਮਚਾ ਦੇਵੇ। ਪੰਜਾਬੀ ਸੀਅ ਨਹੀਂ ਕਰਦੇ। ਪੰਜਾਬੀ ਉਨ੍ਹਾਂ ਸਾਹਮਣੇ ਧੀਆਂ-ਪੁੱਤਾਂ ਦੀ ਨੁਮਾਇਸ਼ ਲਾ ਦਿੰਦੇ ਹਨ ਤੇ ਆਪ ਹੀ ਹਾਜ਼ਰ ਹੋ ਜਾਂਦੇ ਹਨ ਕਿ ਲੁੱਟ ਲਉ ਵਿਦੇਸ਼ਾਂ ਦੇ ਨਾਂਅ 'ਤੇ। ਭਾਰਤੀਆਂ ਖਾਸ ਕਰਕੇ ਪੰਜਾਬੀਆਂ ਦੀ ਇੱਕ-ਦੂਜੇ ਪ੍ਰਤੀ ਇਹ ਲੁੱਟ ਕਦੋਂ ਖਤਮ ਹੋਵੇਗੀ ? ਸ਼ਾਇਦ ਕਦੇ ਵੀ ਨਹੀਂ।







Scanned with CamScanner

# ਬਾਲ ਮਾਨਸਿਕਤਾ ਤੇ ਬਾਲ ਸਾਹਿਤ ਤੇ ਪ੍ਰੌੜ ਪਾਠਕ ਨਾ ਬਣ ਸਕਣ ਦੇ ਕਾਰਨ

ਲੋਕ ਲਹਿਰਾਂ ਹੀ ਚੰਗਾ ਸਾਹਿਤ ਸਿਰਜਦੀਆਂ ਹਨ ਜਿਵੇਂ ਕਿ 1967-71 ਦੀ ਜੁਝਾਰਵਾਦੀ ਖੱਬੇਪੱਖੀ ਲਹਿਰ ਨੇ ਸੰਤ ਰਾਮ ਉਦਾਸੀ, ਵਰਿਆਮ ਸੰਧੂ, ਪਾਸ਼, ਲਾਲ ਸਿੰਘ ਦਿਲ ਤੇ ਗੁਰਸ਼ਰਨ ਭਾਅ ਜੀ ਵਰਗੇ ਸੁਹਿਰਦ ਸਾਹਿਤਕਾਰ ਦਿੱਤੇ। ਫਿਰ 1978 ਤੋਂ ਲੈ ਕੇ 1995 ਤੱਕ ਚੱਲੀ ਕਾਲੀ ਹਨ੍ਹੇਰੀ ਨੇ ਅਜਿਹਾ ਕੋਈ ਸਾਹਿਤਕਾਰ ਨਹੀਂ ਦਿੱਤਾ ਕਿਉਂਕਿ ਇਸ ਲਹਿਰ ਦਾ ਸਿਧਾਂਤ ਸਿੱਖ ਸਿਧਾਂਤ ਕਿਰਤ ਕਰੋ, ਵੰਡ ਛਕੋ, ਸਭੇ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਰਾ ਜੀਉ ਤੋਂ ਬਹੁਤ ਦੂਰ ਸੀ। ਇਹ ਦੌਰ ਬਰਾਬਰੀ ਦਾ ਸਮਾਜ ਸਿਰਜਣ ਦੀ ਥਾਂ 1947 ਵਾਂਗ ਦੂਸਰੇ ਧਰਮ ਦੇ ਲੋਕਾਂ ਨੂੰ ਕਤਲ 'ਚੋਂ ਕੱਢ ਸੰਕਟਾਂ ਵਾਂਗ ਕੱਢ ਕੇ ਪਾਸੇ ਧੱਕਣਾ ਚਾਹੁੰਦਾ ਸੀ। ਇਸ ਦੀ ਆੜ 'ਚ ਉਹ ਆਗੂ ਇਕ ਭਾਂਤ ਕੌਮ ਬਣ ਬੈਠੇ ਜਿਨ੍ਹਾਂ ਦੇ ਵੱਡ ਵਡੇਰਿਆਂ ਨੇ ਜੈਤੋ ਦੇ ਮੋਰਚੇ ਸਮੇਂ ਪਾਣੀ ਦੇ ਸੋਤਾ ਖੂਹਾਂ ਚੋਈਆਂ। ਇਹ ਗਦਾਰ ਐਲਾਨੇ ਸਨ। ਜਿਨ੍ਹਾਂ ਨੇ 1919 ਦੇ ਜਲਿਆਂਵਾਲੇ ਬਾਗ ਦੇ ਕਾਤਲ ਨੂੰ ਅਰੂੜ ਸਿੰਘ ਨੇ ਸਿਰੋਪਾ ਬਖਸ਼ਿਆ ਸੀ ਤੇ ਉਸਦਾ ਦੋਹਤਰਾ ਭਗਤ ਸਿੰਘ ਨੂੰ ਸ਼ਹੀਦ ਮੰਨਣ ਤੋਂ ਇਨਕਾਰੀ ਹੈ। ਇਸ ਤੋਂ ਅਗਲਾ ਕਾਰਾ ਕਿ ਜਿਸ ਦਿਨ ਜਨਰਲ ਡਾਇਰ ਨੇ ਅੰਮ੍ਰਿਤਸਰ ਵਿਖੇ ਗੋਲੀ ਚਲਾਈ ਉਸ ਦਿਨ ਉਸਨੇ ਮਜੀਠੀਆ ਪਰਿਵਾਰ ਦੇ ਘਰ ਰੋਟੀ ਖਾਧੀ। ਇਹ ਠੀਕ ਐ ਕਿ ਊਧਮ ਸਿੰਘ ਨੇ 21 ਸਾਲਾਂ ਬਾਅਦ ਉਸਦਾ ਬਦਲਾ ਲਿਆ ਪਰ ਇਨ੍ਹਾਂ ਦੇਸੀ ਕਾਤਲਾਂ ਨੂੰ ਅਸੀਂ ਵਰਤਮਾਨ ਸਮੇਂ ਤੱਕ ਰਾਜ ਕਾਇਮ ਕਰਨ ਲਈ ਜਿਉਂਦੇ ਰੱਖਿਆ। ਉਸ ਨਲਾਇਕੀ ਦਾ ਖਮਿਆਜ਼ਾ ਇਸ ਪਰਿਵਾਰ ਦੀ ਅਗਲੀ ਪੀੜ੍ਹੀ ਨਾਲ ਸੂਤ ਚਿੱਟੇ ਨਸ਼ੇ ਦੇ ਰੂਪ ਵਿਚ ਭੁਗਤ ਰਹੇ ਹਾਂ। ਅੱਜ ਦੇ ਪੜ੍ਹੇ-ਲਿਖੇ ਵਿਦਿਆਰਥੀ ਨੂੰ ਇਹਨਾਂ ਬਾਰੇ ਗਿਆਨ ਹੋਣਾ ਤਾਂ ਇਕ ਪਾਸੇ ਉਹਨਾਂ ਨੂੰ ਤਾਂ ਗੁਰੂ ਸਾਹਿਬ ਦੇ ਪੰਜ ਪਿਆਰਿਆਂ ਦੇ ਨਾਮ, ਖਾਲਸਾ ਪੰਥ ਦੀ ਸਾਜਣਾ ਕਦੋਂ ਹੋਈ, ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਕਦੋਂ ਦਿੱਤੀ ਇਹ ਵੀ ਬਹੁਗਿਣਤੀ ਵਿਦਿਆਰਥੀਆਂ ਨੂੰ ਪਤਾ ਨਹੀਂ ਜੋ ਕਿ ਵਿਰਾਸਤ ਪ੍ਰਤੀ ਇਤਿਹਾਸ ਪ੍ਰਤੀ ਉਹਨਾਂ ਦੀ ਨਲਾਇਕੀ ਦੀ ਇੰਤਹਾ ਹੈ। ਇਹ ਸਭ ਕਿਉਂ ਹੋਇਆ? ਕਿਉਂਕਿ ਖਾੜਕੂਆਂ ਦੇ ਕੋਡ ਆਫ ਕੰਡਕਟ ਵਿਚ ਵਿਦਿਆਰਥੀ ਲਗਾਤਾਰ ਕਈ ਸਾਲ ਨਿਗਰਾਨ ਸਟਾਫ ਮੂਹਰੇ ਚਾਕੂ ਜਾਂ ਰਿਵਾਲਵਰ ਰੱਖ ਕੇ ਨਕਲਾਂ ਮਾਰ ਕੇ ਪਾਸ ਹੁੰਦੇ ਰਹੇ। ਉਹਨਾਂ ਪੱਲੇ ਗਿਆਨ ਨਹੀਂ ਤੇ ਅੱਜ ਉਹਨਾਂ ਦੀ ਉਮਰ ਅੱਧੀ ਸਦੀ ਨੂੰ ਢੁੱਕਣ ਵਾਲੀ ਹੈ। ਇਸ ਦੌਰਾਨ ਕਦੇ -2 ਦਾ ਪੇਪਰ ਰੱਦ ਕਰ ਦਿੱਤਾ, ਕਦੇ ਅੱਠਵੀਂ ਦਾ ਬਣਾ ਦਿੱਤਾ। ਕਦੇ ਇਹ ਤੋੜ ਕੇ ਨੌਵੀਂ ਦਾ ਬਣਾ ਦਿੱਤਾ ਫੇਰ ਤੋੜ ਦਿੱਤਾ। ਐਨੇ ਤਜਰਬੇ ਤਾਂ ਕਿਸੇ ਦਵਾਈ ਦੀ ਖੋਜ ਕਰਨ ਵਾਲੇ ਵਿਗਿਆਨੀਆਂ ਨੇ ਚੂਹਿਆਂ ਜਾਂ ਖਰਗੋਸ਼ਾਂ ਤੇ ਵੀ ਨਹੀਂ ਕੀਤੇ ਹੋਣੇ ਜਿੰਨੇ ਸਿੱਖਿਆ ਤੇ ਕੀਤੇ ਹਨ।

ਬਰਾਬਰੀ ਦਾ ਸਮਾਜ ਸਿਰਜਣ ਵਾਲੇ ਸਾਹਿਤ ਦਾ ਐਨਾ ਨੁਕਸਾਨ ਤਾਂ ਹਿਟਲਰ ਤੇ ਮੁਸੋਲਿਨੀ ਵਰਗੇ ਵੀ ਨਹੀਂ ਕਰ ਸਕੇ ਹੋਣੇ ਜਿੰਨਾ ਸਾਡੇ ਹੁਕਮਰਾਨਾਂ ਨੇ ਕੀਤਾ ਹੈ। ਜਿਸ ਪਾਸੇ ਵੱਲ 1992-93 ਤੋਂ ਲੈ ਕੇ ਸੰਗੀਤ ਨੂੰ ਸੁਣਨ ਦੀ ਥਾਂ ਦੇਖਣ ਵਾਲੀ ਚੀਜ਼ ਬਣਾ ਕੇ ਨੌਜਵਾਨੀ ਦਾ ਕੀਤਾ ਹੈ ਉਸਨੇ ਸਮਾਜ ਵਿਚ ਜਿੰਸੀ ਅਪਰਾਧਾਂ ਵਿਚ ਵਾਧਾ ਕੀਤਾ ਹੈ। ਮਾਮਾ-ਭਾਣਜੀ ਨਾਲ, ਚਾਚਾ ਭਤੀਜੀ ਨਾਲ, 70 ਸਾਲ ਦਾ ਬਜ਼ੁਰਗ 8-10 ਸਾਲ ਦੀ ਬਾਲੜੀ ਨਾਲ ਖੇਹ ਖਾ ਰਿਹਾ ਹੈ। ਜੇ ਏਹੀ ਹਾਲ ਰਿਹਾ ਤਾਂ ਇਸ ਪੰਜਾਬ ਵਿਚ ਤੁਸੀਂ ਆਉਂਦੇ 10-15 ਸਾਲ ਵਿਚ ਸਮਲਿੰਗੀ ਵਿਆਹਾਂ ਦਾ ਰੁਝਾਨ ਵੀ ਦੇਖ ਸਕੋਗੇ। ਇਹ ਗੱਲ ਸਾਡੀ ਚਿੰਤਾ ਦਾ ਵਿਸ਼ਾ ਹੈ। ਬੇਸ਼ੱਕ ਅਸੀਂ ਹਥੇਲੀ ਉੱਤੇ ਆਉਂਦੀ ਦੇਖਣ ਵਾਲੇ ਖੁਸ਼ਕਿਸਮਤ ਨਹੀਂ ਬਣ ਸਕਾਂਗੇ ਪਰ ਅਸੀਂ ਸਾਹਿਤ ਰਾਹੀਂ ਕੁਝ ਦੀਆਂ ਚੱਲ ਰਹੀਆਂ ਹਨੇਰੀਆਂ ਵਿਚ ਹਰਫਾਂ ਦੇ ਦੀਪਕ ਬਾਲ ਕੇ ਦਰਿਆਵਾਂ ਵਰਗਾ ਚਾਨਣ ਦੇਣ ਦੀ ਕੋਸ਼ਿਸ਼ ਜ਼ਰੂਰ ਕਰਦੇ ਰਹਾਂਗੇ। ਏਹੀ ਸਾਹਿਤ ਦਾ ਧਰਮ ਹੈ।

ਚੰਗੇ ਸਾਹਿਤ ਦਾ ਇਹ ਦੁਖਾਂਤ ਵੀ ਹੈ ਕਿ ਜੇ ਮੇਲਾ ਕਬੱਡੀ ਗਾਇਕਾਂ ਦੇ ਮੇਲੇ ਵਿਚ 20-25 ਲੱਖ ਦਾ ਚੰਗਾ ਸਾਹਿਤ ਵਿਕ ਜਾਵੇ ਤਾਂ ਪੰਜਾਬ ਸਰਕਾਰ ਦੀ ਸੀ ਆਈ ਡੀ ਨੂੰ ਫ਼ਿਕਰ ਪੈ ਜਾਂਦਾ ਹੈ। ਦੂਸਰੇ ਪਾਸੇ ਲੱਚਰ ਗਾਇਕਾਂ ਦੀਆਂ ਭਾਵੇਂ ਲੱਖਾਂ ਐਲਬਮਾਂ ਵਿਕ ਜਾਣ ਉਹਨਾਂ ਦੇ ਮਾੜੇ ਪ੍ਰਭਾਵ ਤੇ ਸਰਕਾਰ ਨੂੰ ਕੋਈ ਪੀੜ ਨਹੀਂ ਹੁੰਦੀ। ਦੂਸਰੇ ਪਾਸੇ ਹੁਕਮਰਾਨਾਂ ਨੂੰ ਐਨੀ ਵੀ ਅਕਲ ਨਹੀਂ ਹੈ ਕਿ ਪੰਜਾਬ ਇਕ ਸਰਹੱਦੀ ਸੂਬਾ ਹੈ। ਜੇ ਅਸੀਂ ਲੁਧਿਆਣਾ ਨੂੰ ਕੇਂਦਰ ਮੰਨ ਲਈਏ ਤਾਂ ਹੁਸੈਨੀਵਾਲਾ 125 ਕਿਲੋਮੀਟਰ, ਗੁਰਦਾਸਪੁਰ ਦਾ ਵੀ ਕਿਲੋਮੀਟਰ ਤੇ ਹੋਰ ਸਰਹੱਦਾਂ ਥੋੜ੍ਹੇ ਬਹੁਤ ਫਰਕ ਨਾਲ ਲੜਾਕੂ ਜਹਾਜ਼ਾਂ ਤੇ ਮਿਜ਼ਾਈਲਾਂ ਦੀ ਮਾਰ ਹੇਠ ਹਨ। ਇਸ ਕੁਰੀਤਿਕ ਸੋਚਾਂ ਦੀ ਬਦੌਲਤ ਪੰਜਾਬ ਦੀ ਜਵਾਨੀ, ਇੱਜ਼ਤ, ਅਣਖ ਵਾਲੀ ਚੰਗੀ ਡੀਲ ਡੌਲ ਵਾਲੀ ਤੇ ਹੌਂਸਲੇ ਤੇ ਯੁੱਧ ਕਲਾ ਦੀ ਮਾਹਿਰ ਚਾਹੀਦੀ ਹੈ। ਰੱਬ ਨਾ ਕਰੇ ਜੇ ਕੋਈ ਪਾਕਿਸਤਾਨ ਵੱਲੋਂ ਹਮਲਾ ਹੁੰਦਾ ਹੈ ਤਾਂ ਕੀ ਸਾਡੇ ਪੰਜਾਬ ਦੀ ਅਲਪਬੁੱਧਤਾ ਵਰਗੀ ਵਾਸ਼ਨਾਵਾਂ 'ਚ ਗਰਕੀ ਨੌਜਵਾਨੀ ਪੰਜਾਬ ਦੀਆਂ ਅਸਮਤਾਂ ਦੀ, ਇੱਜ਼ਤ ਦੀ ਰਾਖੀ ਲਈ ਲੜ ਸਕੇਗੀ? ਟਾਕਰਾ ਕਰ ਸਕੇਗੀ ਜਾਂ ਭੇਡਾਂ ਦੇ ਇੱਜੜ ਵਾਂਗ ਹਮਲਾਵਰ ਦੀ ਫੌਜ ਅੱਗੇ ਨੀਵੀਂ ਪਾ ਕੇ ਤੁਰ ਪਵੇਗੀ।

ਦੂਜੇ ਪਾਸੇ ਰਾਜ ਸੱਤਾ ਦੇ ਮੋਢੀ ਬੈਂਕਾਂ ਦੇ ਕਰੋੜਾਂ-ਅਰਬਾਂ ਲੈ ਕੇ ਫੁਰਰ ਹੋ ਜਾਂਦੇ ਹਨ। ਉਹਨਾਂ ਲਈ ਕੋਈ ਇੰਟਰਪੋਲ ਨਹੀਂ ਹੈ। ਜਦਕਿ ਗਰੀਬ ਕਿਸਾਨ ਦੋ ਢਾਈ ਲੱਖ ਦੇ ਕਰਜ਼ਾਈ ਹੋ ਕੇ ਬੈਂਕਾਂ ਦੀ ਕੁਰਕੀ ਉਹਨਾਂ ਨੂੰ ਮੌਤ ਦੇ ਮੂੰਹ ਵੱਲ ਧੱਕ ਰਹੀ ਹੈ। ਸਾਡੇ ਦੇਸ਼ ਵਿਚ ਫੈਲਿਆ ਹੋਇਆ ਇਹ ਪੱਖਪਾਤੀ ਕਾਨੂੰਨ ਸਾਨੂੰ ਕੇਹੋ ਜਿਹੇ ਦਿਨਾਂ ਵੱਲ ਲਿਜਾ ਰਿਹਾ ਹੈ। ਖੁਦ ਪੀੜ੍ਹੀ ਥੱਲੇ ਸੋਟਾ ਫੇਰ ਕੇ ਦੇਖ ਲੈਣਾ।

ਲੋਕ ਪੱਖੀ ਸਾਹਿਤ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ ਕਿ ਉਹ ਅਜਿਹੀ ਲੋਕ-ਵਿਰੋਧੀ ਸਥਾਪਤੀ ਖਿਲਾਫ਼ ਕਦੇ ਵੀ ਗੋਡਣੀ ਪਾ ਕੇ ਨਹੀਂ ਤੁਰਦਾ। ਉਹ ਬਹੁਕੌਮੀ ਅਤੇ ਕਾਰਪੋਰੇਟ ਅਦਾਰਿਆਂ ਖਿਲਾਫ਼ ਆਪਣੀ ਸਿਰਜਣਾ ਦਾ ਪਰਚਮ ਲਹਿਰਾਏਗਾ। ਕਾਰਪੋਰੇਟ ਅਦਾਰਾ (ਅਮਰੀਕੀ ਨੀਤੀਆਂ ਦਾ) ਅਜਿਹਾ ਸ਼ੈਤਾਨ ਹੈ ਜੋ ਸਾਡੇ ਦੇਸ਼ 'ਚ ਆਪਣੇ ਮੋਹਰੇ ਲੱਭ ਕੇ ਆਪਣੀਆਂ ਨੀਤੀਆਂ ਲਾਗੂ ਕਰਵਾਉਂਦਾ ਹੈ। ਕਦੇ ਉਹ ਕਾਂਗਰਸ ਨੂੰ ਬਲ ਦੇ ਕੇ, ਕਦੇ ਉਹ ਭਾਜਪਾ ਨੂੰ ਤਾਕਤ ਦੇ ਕੇ ਆਪਣੇ ਪੱਖ 'ਚ ਖੜਾਉਂਦਾ ਹੈ। ਤੁਸੀਂ ਖੁਦ ਹੀ ਸੋਚੋ ਕਿ ਭਾਜਪਾ ਨੂੰ ਤਾਕਤ ਦੇਣ ਵਾਲਾ ਅੰਨਾ ਹਜ਼ਾਰੇ ਅੱਜ ਕਿੱਥੇ ਗਿਆ ਤੇ ਅਨਸ਼ਨ ਤੇ ਬੈਠਾ ਰਾਮਦੇਵ ਸਲਵਾਰ ਪਾ ਕੇ ਕੋਠੇ 'ਚੋਂ ਨਿਕਲਣ ਵਾਲਾ ਅੱਜ ਕਿੱਥੇ ਖੜ੍ਹਾ ਹੈ? ਅੱਜ ਲੋਕ ਦੋਹਾਂ ਧਿਰਾਂ ਤੋਂ ਅਵਾਜ਼ਾਰ ਹਨ ਤਾਂ ਮਨਪ੍ਰੀਤ ਨੇ ਪੀ ਪੀ ਬਣਾਈ, ਰਾਮੂੰਵਾਲੀਏ ਨੇ ਲੋਕ ਭਲਾਈ ਪਾਰਟੀ ਬਣਾਈ। ਪੀ ਪੀ ਦੀ ਪੀਪਣੀ ਬੋਲ ਗਈ ਹੈ ਤੇ ਰਾਮੂੰਵਾਲੀਏ ਨੇ ਪੰਜਾਬ ਤੋਂ ਭੱਜ ਕੇ ਯੂ.ਪੀ. 'ਚ ਜਾ ਸਿਰ ਲੁਕੋਇਆ ਹੈ। ਜਿੱਥੇ ਲਾਲੂ ਪ੍ਰਸ਼ਾਦ ਦਾ ਨੌਵੀਂ ਫੇਲ੍ਹ ਮੁੰਡਾ ਮੰਤਰੀ ਹੈ ਜਿਸਨੂੰ ਆਈ.ਪੀ.ਐਸ. ਤੇ ਆਈ.ਏ.ਐਸ. ਅਫ਼ਸਰ ਸਲੂਟ ਮਾਰਨ ਲਈ ਪਾਬੰਦ ਹਨ। ਇਸ ਤੋਂ ਵੱਧ ਉਚ ਸਿੱਖਿਆ ਦੀ ਬੇਕਦਰੀ ਕੀ ਹੋ ਸਕਦੀ ਹੈ। ਦੁਨੀਆਂ ਦੇ ਕਿਸੇ ਵੀ ਮੁਲਕ ਵਿਚ ਸਿੱਖਿਆ ਦਾ ਵਪਾਰੀਕਰਨ ਨਿੱਜੀ ਸਕੂਲ-ਕਾਲਜ ਨਹੀਂ ਹਨ। ਜਦੋਂ ਕਿਸੇ ਵੀ ਚੀਜ਼ (ਸਫਰ, ਗੀਤ-ਸੰਗੀਤ) ਦਾ ਵਪਾਰੀਕਰਨ ਹੁੰਦਾ ਹੈ ਤਾਂ ਉਹਨਾਂ ਵਿਚ ਉਹ ਉੱਤਮਤਾ ਕਾਇਮ ਨਹੀਂ ਰਹਿੰਦੀ।

ਅਜੋਕੇ ਸਮੇਂ 'ਚ ਝਾੜੂ ਵਾਲਿਆਂ ਨੂੰ ਵੀ ਕਾਰਪੋਰੇਟ ਅਦਾਰਿਆਂ ਨੇ ਖੜ੍ਹਾ ਕੀਤਾ ਹੈ। ਇਹਨਾਂ ਦੇ ਸੱਤਾ 'ਚ ਆਉਣ ਤੇ ਸ਼ਾਇਦ ਇਕ ਸਿਪਾਹੀ ਤੋਂ ਲੈ ਕੇ ਡੀ.ਸੀ., ਆਈ.ਜੀ., ਵੱਖ ਵੱਖ ਸਕੱਤਰ, ਗਰੀਬੀ ਅਮੀਰੀ ਦਾ ਪਾੜ੍ਹਾ, ਨਾ ਬਰਾਬਰੀ ਉਸੇ ਤਰ੍ਹਾਂ ਰਹੇਗੀ। ਇਹ ਕੁਝ ਨਹੀਂ ਕਰ ਸਕਣਗੇ। ਚਾਰ ਸੀਟਾਂ ਜਿੱਤ ਕੇ ਝਾੜੂ ਦੀਆਂ ਦੋ-ਦੋ ਤੀਲੀਆਂ ਹੋ ਗਈਆਂ ਹਨ। ਦੂਜੇ ਪਾਸੇ ਵੱਖ-ਵੱਖ ਰਾਜਸੀ ਪਾਰਟੀਆਂ 'ਚੋਂ ਭਗੌੜੇ ਹੋ ਕੇ ਆ ਰਹੇ ਆਗੂ ਵੀ ਕੱਲ੍ਹ ਨੂੰ ਝਾੜੂ ਦਾ ਤੀਲਾ-ਤੀਲਾ ਹੋ ਜਾਣਗੇ। ਫੇਰ ਤੱਕੜੀਆਂ ਵਾਲੇ ਤੇ ਫੇਰ ਪੰਜਿਆਂ ਵਾਲੇ ਆ ਜਾਣਗੇ। ਅਸੀਂ ਕਿੰਨਾ ਕੁ ਚਿਰ ਊਠ ਦੇ ਲਮਕਦੇ ਬੁੱਲ੍ਹ ਦੇ ਡਿੱਗਣ ਵਾਂਗ ਠੇਡੇ ਖਾਂਦੇ ਤੁਰਦੇ ਰਹਾਂਗੇ।

ਅਜਿਹੀਆਂ ਸਥਿਤੀਆਂ ਤੋਂ ਸਮਾਜ ਨੂੰ, ਮਨੁੱਖਤਾ ਨੂੰ ਬਚਾਉਣ ਲਈ ਇਕ ਬਾਲ ਤੋਂ ਲੈ ਕੇ ਅੱਠਵੀਂ-ਨੌਵੀਂ ਦੇ ਵਿਦਿਆਰਥੀ ਹੱਥ ਕਿਤਾਬ ਦੀ ਰੁਚੀ ਪੈਦਾ ਕਰਨ ਦੀ ਤੇ ਸਿੱਖਿਆ ਸੁਧਾਰਾਂ ਦੀ ਲੋੜ ਹੈ। ਪ੍ਰਦੇਸਾਂ ਵਿਚ ਮੁਸਾਫਰ ਸਫਰ ਕਰਦੇ ਸਮੇਂ ਅਖਬਾਰ, ਮੈਗਜ਼ੀਨ ਤੇ ਕਿਤਾਬਾਂ ਪੜ੍ਹਦੇ ਹਨ। ਇਸ ਕਰਕੇ ਉਹ ਕੌਮਾਂ ਖੁਸ਼ਹਾਲ ਤੇ ਵਿਦਵਾਨ ਹਨ। ਉਥੇ ਲਾਇਬ੍ਰੇਰੀਆਂ ਹਨ। ਆਪਣੇ ਪੰਜਾਬ ਜਾਂ ਭਾਰਤ ਵਿਚ ਸਫ਼ਰ ਕਰਦੇ ਸਮੇਂ ਕੋਈ ਇਕ ਅੱਖਰ ਵੀ ਨਹੀਂ ਪੜ੍ਹ ਸਕਦਾ ਕਿਉਂਕਿ ਸਿਆਸਤਦਾਨਾਂ ਦੀਆਂ ਬੱਸਾਂ 'ਚ ਚੱਲਦੀਆਂ ਵੀ ਸੀ ਡੀ. ਤੇ ਲੱਚਰ ਵਰਤਾਰਾ ਸਾਨੂੰ ਦੋ ਅੱਖਰ ਵੀ ਨਹੀਂ ਪੜ੍ਹਨ ਦੇ ਰਿਹਾ। ਘਰੇ ਆਈਏ ਤਾਂ ਬੱਚਿਆਂ ਨੂੰ ਕੰਪਿਊਟਰ ਗੇਮਾਂ, ਸ਼ਕਤੀਮਾਨ ਜਾਂ ਜੈਕ ਐਂਡ ਜੈਰੀ ਕਾਰਟੂਨ ਦੇਖਣ ਤੋਂ ਹੀ ਵਿਹਲ ਨਹੀਂ। ਉਹ ਕਿਤਾਬਾਂ ਕਦੋਂ ਫੜਨਗੇ। ਉਹ ਉਸ ਸਮੇਂ ਹੀ ਫੜਨਗੇ ਜਦ ਮਾਂ-ਬਾਪ ਬੱਚਿਆਂ ਨੂੰ ਕਿਤਾਬਾਂ ਪ੍ਰਤੀ ਉਤਸ਼ਾਹਤ ਕਰਨਗੇ। ਰਾਜਸੀ ਆਗੂ ਕਪੱਤ ਛੱਡ ਕੇ ਸਿੱਖਿਆ ਪ੍ਰਤੀ ਸੰਜੀਦਾ ਹੋਣਗੇ। ਪਰ ਇਹਨਾਂ ਅਜਿਹਾ ਕਰਨਾ ਨਹੀਂ ਕਿਉਂਕਿ ਇਹਨਾਂ ਨੂੰ ਤਾਂ ਅਨਪੜ੍ਹ ਤੇ ਗੰਵਾਰ ਬਣਾ ਕੇ ਸਕਾਂ ਤੇ ਨਸ਼ੇੜੀ ਨੌਜਵਾਨਾਂ ਦੀਆਂ ਫੌਜਾਂ ਚਾਹੀਦੀਆਂ ਹਨ। ਉਹਨਾਂ ਦੀ ਜ਼ਿੰਦਗੀ ਜਾਵੇ ਢੱਠੇ ਖੂਹ 'ਚ ਉਹਨਾਂ ਨੂੰ ਕੋਈ ਹਮਦਰਦੀ ਨਹੀਂ। ਸਾਡੇ ਦੇਸ਼ ਦੇ ਵਾਤਾਵਰਨ ਮੰਤਰੀ ਜੇ.ਪੀ. ਸੁਰੇਸ਼ ਅਮਰੀਕਾ ਵਿਚੋਂ ਬਿਆਨ ਦਿੰਦੇ ਹਨ ਕਿ ਜੇ ਭਾਰਤ ਦਾ ਸਾਰਾ ਵਿਗਿਆਨ ਸਮੁੰਦਰ ਵਿਚ ਸੁੱਟ ਦੇਈਏ ਜਾਂ ਅੱਗ ਲਾ ਦੇਈਏ ਤਾਂ ਦੁਨੀਆਂ ਨੂੰ ਕੋਈ ਫਰਕ ਨਹੀਂ ਪੈਣ ਲੱਗਾ। ਇਸ ਬਿਆਨ ਤੋਂ ਵਿਦਿਆ ਦੀ ਕਦਰ ਦਾ ਅੰਦਾਜ਼ਾ ਲਗਾ ਸਕਦੇ ਹਾਂ ਕਿ ਅਸੀਂ ਦੁਨੀਆਂ 'ਚ ਕਿੱਥੇ ਖੜ੍ਹੇ ਹਾਂ। 'ਮਨ ਕੀ ਬਾਤ' ਵਾਲੇ ਮੋਦੀ ਦਾ ਬੋਲਣ ਦੇ ਅੰਦਾਜ਼ ਦਾ ਪੱਧਰ ਦੇਸ਼ ਦੇ ਮੁਖੀ ਵਾਲਾ ਨਹੀਂ ਲਗਦਾ ਇਕ ਮੈਂਬਰ ਪੰਚਾਇਤ ਵਰਗੇ ਪੱਧਰ ਦਾ ਹੈ। ਲੇਖਕਾਂ ਦੀਆਂ ਕਿਤਾਬਾਂ ਨੂੰ ਚੈਲੰਜ ਕੀਤਾ ਜਾ ਰਿਹਾ ਹੈ। ਜੇ ਵਿਦਿਆ ਦੀ ਕਦਰ ਕਰਨ ਲਈ ਉਸਾਰੂ ਤੇ ਲੋਕ ਪੱਖੀ ਸਾਹਿਤ ਸਮੇਂ ਦੀ ਅਹਿਮ ਜ਼ਰੂਰਤ ਹੈ। ਪੁਸਤਕਾਂ ਪ੍ਰਤੀ ਜੋ ਉਦਾਸੀਨਤਾ ਦੇ ਆਰਥਿਕ ਸਮਾਜਿਕ ਤੇ ਰਾਜਨੀਤਕ ਨੀਤੀਆਂ ਦੇ ਕਾਰਨ ਹਨ ਉਹਨਾਂ ਖਿਲਾਫ ਸੰਘਰਸ਼ ਕਰਕੇ ਹੀ ਸਾਹਿਤਕ ਦਾਇਰਾ ਮੋਕਲਾ ਕਰਕੇ ਪਾਠਕਾਂ ਦੀ ਗਿਣਤੀ ਵਧ ਸਕਦੀ ਹੈ। ਗਿਆਨ ਦੀ ਕਦਰ ਇਸ ਸੰਘਰਸ਼ 'ਚ ਹੀ ਪੈਦਾ ਹੋਵੇਗੀ। ਪਾਠਕ ਪੈਦਾ ਕਰਨ ਲਈ ਅੱਜ ਜਾਂ ਭਲਕ ਇਸ ਰਾਹ ਤੇ ਤੁਰਨਾ ਪਵੇਗਾ। ਏਹੀ ਸਮੇਂ ਦੀ ਮੰਗ ਹੈ।

– ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbauda@gmail.com



Punjab.art01@gmail.com



Punjab aRts
Amritsar Road, Moga
ਫਲੈਕਸ ਪ੍ਰਿੰਟਿੰਗ, ਸ਼ਾਦੀ ਕਾਰਡ, ਕੈਲੰਡਰ, ਪੋਸਟਰ, ਸਟਿੱਕਰ
ਬਣਵਾਉਣ ਲਈ ਸੰਪਰਕ ਕਰੋ ਮੋਬਾ: 98887 76835

Scanned with CamScanner




ਬਾਲ ਲੇਖਕਾ ਦੀ ਰਚਨਾ

# ਔਰਤ

ਪ੍ਰਮਾਤਮਾ ਦਾ ਦੂਸਰਾ ਨਾਮ ਔਰਤ ਹੈ। ਇਸ ਦੁਨੀਆਂ ਤੇ ਔਰਤ ਤੋਂ ਬਿਨਾਂ ਕੁਝ ਵੀ ਨਹੀਂ। ਇਕ ਔਰਤ ਹੀ ਇਸ ਦੁਨੀਆਂ ਨੂੰ ਚਲਾ ਸਕਦੀ ਹੈ। ਪਰ ਲੋਕ ਔਰਤ ਨੂੰ ਇਕ ਖਿਡੌਣਾ ਸਮਝਦੇ ਹਨ। ਜਦ ਚਾਹਿਆ ਉਸ ਦੀ ਵਰਤੋਂ ਕਰ ਲਈ ਤੇ ਬਾਅਦ ਵਿਚ ਉਸ ਨੂੰ ਸੁੱਟ ਦਿੱਤਾ। ਜ਼ਿਆਦਾ ਲੋਕ ਅਜਿਹਾ ਕਰਦੇ ਹਨ। ਉਹ ਵੀ ਸੋਚਦੇ ਹਨ ਕਿ ਇਕ ਔਰਤ ਆਪਣੇ ਪਤੀ ਤੋਂ ਬਿਨ੍ਹਾਂ ਕੁਝ ਵੀ ਨਹੀਂ ਕਰ ਸਕਦੀ। ਉਹ ਜਦ ਚਾਹੇ ਉਸ ਨੂੰ ਕੁੱਟੇ, ਮਾਰੇ ਤੇ ਇਕ ਔਰਤ ਸਭ ਕੁਝ ਸਹੀ ਜਾਵੇ। ਨਹੀਂ, ਇਹ ਉਨ੍ਹਾਂ ਦੀ ਗਲਤਫਹਿਮੀ ਹੈ। ਜਦੋਂ ਇਕ ਔਰਤ ਇਸ ਜ਼ੁਲਮ ਦੇ ਖ਼ਿਲਾਫ਼ ਅਵਾਜ਼ ਉਠਾਉਂਦੀ ਹੈ ਤਾਂ ਸਾਰਾ ਸੰਸਾਰ ਉਸਦੇ ਨਾਲ ਤੁਰਦਾ ਹੈ। ਮਰਦ ਇਹ ਨਾ ਸਮਝਣ ਇਕ ਇਸਤਰੀ ਸਾਡਾ ਕੁਝ ਵੀ ਨਹੀਂ ਵਿਗਾੜ ਸਕਦੀ। ਜਦੋਂ ਉਹ ਦੁਰਗਾ ਦਾ ਰੂਪ ਧਾਰਨ ਕਰਦੀ ਹੈ ਤਾਂ ਚਾਰੇ ਪਾਸੇ ਵਿਨਾਸ਼ ਹੀ ਹੁੰਦਾ ਹੈ। ਜੇ ਔਰਤ ਕੋਈ ਕੰਮ ਨਾ ਕਰੇ ਵਿਹਲੀ ਬੈਠੀ ਰਹੇ ਤਾਂ ਇਹ ਸੰਸਾਰ ਨਹੀਂ ਚੱਲੇਗਾ। ਹਰੇਕ ਮਰਦ ਔਰਤ ਤੋਂ ਬਿਨਾ ਅਧੂਰਾ ਹੈ। ਕਿਉਂਕਿ ਔਰਤ ਤੋਂ ਬਿਨ੍ਹਾਂ ਉਹ ਕੁਝ ਵੀ ਨਹੀਂ ਕਰ ਸਕਦਾ। ਹਰੇਕ ਔਰਤ ਕਿਸੇ ਦੀ ਮਾਂ, ਭੈਣ, ਧੀ, ਪਤਨੀ ਹੁੰਦੀ ਹੈ। ਪਰ ਅੱਜਕਲ੍ਹ ਦੀ ਨੌਜਵਾਨ ਪੀੜ੍ਹੀ ਆਪਣੀ ਮਾਂ ਨੂੰ ਮਾਂ ਆਪਣੀ ਭੈਣ ਨੂੰ ਭੈਣ ਤੇ ਆਪਣੀ ਧੀ ਨੂੰ ਧੀ ਸਮਝਦੇ ਹਨ ਤੇ ਕਿਸੇ ਦੂਜੇ ਦੀ ਧੀ, ਭੈਣ ਨੂੰ ਗੰਦੀਆਂ ਨਜ਼ਰਾਂ ਨਾਲ ਵੇਖਦੇ ਹਨ। ਉਹ ਇਹ ਨਹੀਂ ਸੋਚਦੇ ਕਿ ਉਹ ਵੀ ਸਾਡੀਆਂ ਭੈਣਾਂ, ਧੀਆਂ ਵਰਗੀਆਂ ਹਨ। ਜਿਸ ਦਾ ਮੁੱਖ ਕਾਰਨ ਮੋਬਾਇਲ ਫੋਨ, ਟੈਲੀਵਿਜ਼ਨ ਆਦਿ ਹਨ। ਮੈਂ ਇਹ ਨਹੀਂ ਕਹਿੰਦੀ ਕਿ ਟੈਲੀਵਿਜ਼ਨ ਦੇਖਣਾ ਗਲਤ ਗੱਲ ਹੈ, ਮੋਬਾਇਲ ਲੈਣਾ ਗਲਤ ਕੰਮ ਹੈ। ਟੈਲੀਵਿਜ਼ਨ ਦੇਖੋ, ਮੋਬਾਇਲ ਲਵੋ ਪਰ ਉਹ ਚੀਜ਼ ਦੇਖੋ, ਸੁਣੋ ਜਿਸ ਤੋਂ ਸਾਨੂੰ ਕੁਝ ਸਿੱਖਿਆ ਮਿਲੇ, ਇਹ ਸਭ ਚੀਜ਼ਾਂ ਇਸ ਲਈ ਬਣਾਈਆਂ ਗਈਆਂ ਸਨ ਕਿ ਲੋਕਾਂ ਨੂੰ ਆਪਣੇ ਕਾਨੂੰਨਾਂ ਬਾਰੇ ਪਤਾ ਲੱਗੇ। ਉਹ ਆਪਣੇ ਪ੍ਰਤੀ ਜਾਗਰੂਕ ਹੋਣ ਉਹ ਇਹ ਜਾਣ ਸਕਣ ਕਿ ਸਾਡੇ ਦੇਸ਼ ਵਿਚ ਕੀ ਕੁਝ ਹੋ ਰਿਹਾ ਹੈ।

ਪਰ ਅੱਜਕਲ੍ਹ ਅਜਿਹਾ ਕੁਝ ਦਿਖਾਇਆ ਜਾਂਦਾ ਹੈ, ਲਿਖਿਆ ਜਾਂਦਾ ਹੈ ਜਿਸਨੂੰ ਦੇਖਦੇ ਹੋਏ ਵੀ ਸ਼ਰਮ ਆਉਂਦੀ ਹੈ। ਅੱਜਕਲ੍ਹ ਦੀ ਨੌਜਵਾਨ ਪੀੜ੍ਹੀ ਹੀਰ, ਰਾਂਝੇ ਬਾਰੇ ਦੇਖਦੇ ਸੁਣਦੇ ਹਨ। ਇਤਿਹਾਸ ਸੁਣਨਾ ਕੋਈ ਮਾੜੀ ਗੱਲ ਨਹੀਂ ਹੈ ਮਾੜੀ ਤਾਂ ਹੈ ਉਨ੍ਹਾਂ ਨੌਜਵਾਨਾਂ ਦੀ ਸੋਚ ਉਹ ਸਿਰਫ਼ ਹੀਰ ਰਾਂਝੇ ਦੇ ਪਿਆਰ ਤੱਕ ਹੀ ਸੀਮਿਤ ਹਨ ਉਹ ਉਸ ਤੋਂ ਉੱਚੇ ਨਹੀਂ ਉੱਠਦੇ। ਉਸ ਸਮੇਂ ਦੀ ਭਾਸ਼ਾ, ਰੀਤੀ-ਰਿਵਾਜ, ਉਸ ਸਮੇਂ ਦੇ ਸਮਾਜ ਨੂੰ ਨਹੀਂ ਸਮਝਦੇ। ਉਹ ਹੀਰ ਰਾਂਝਾ, ਲੈਲਾ, ਮਜਨੂੰ ਦੀ ਨਕਲ ਕਰਦੇ ਹਨ। ਆਪਣੇ ਆਪਨੂੰ ਹੀਰੋ ਸਮਝਦੇ ਹਨ। ਮੈਂ ਇਹ ਨਹੀਂ ਕਹਿੰਦੀ ਕਿ ਇਸ ਸਭ ਵਿਚ ਕੁੜੀਆਂ ਦਾ ਦੋਸ਼ ਨਹੀਂ। ਜਿਵੇਂ ਹਰੇਕ ਸਿੱਕੇ ਦੇ ਦੋ ਪਾਸੇ ਹੁੰਦੇ ਹਨ ਉਸੇ ਤਰ੍ਹਾਂ ਇਸ ਗੱਲ ਦੇ ਵੀ ਦੋ ਪਾਸੇ ਹਨ। 100% ਵਿਚੋਂ 60% ਕੁੜੀਆਂ ਇਸ ਤਰ੍ਹਾਂ ਦੀਆਂ ਹਨ ਜੋ ਆਪ ਆਪਣੇ ਮਾਂ ਪਿਉ ਦੀ ਇੱਜਤ ਨੂੰ ਦਾਗ ਲਗਾਉਂਦੀਆਂ ਹਨ ਜੋ ਚੰਗੀਆਂ ਧੀਆਂ ਅਤੇ ਭੈਣਾਂ ਹੋਣ ਦੇ ਦਾਅਵੇ ਕਰਦੀਆਂ ਹਨ ਤੇ ਬਾਅਦ ਵਿਚ ਆਪਣੀ ਮਰਜ਼ੀ ਨਾਲ ਵਿਆਹ ਕਰਵਾ ਕੇ ਪਛਤਾਉਂਦੀਆਂ ਹਨ। ਜਿਸ ਕਾਰਨ ਸਾਡੇ ਸਮਾਜ ਵਿਚ ਵਧੂਣ ਹੋਇਆ ਹੋ ਰਹੀ ਹੈ।

ਇਹ ਕਿੱਥੋਂ ਦਾ ਨਿਆਂ ਹੈ ਕੁਝ ਕੁੜੀਆਂ ਦੀ ਗਲਤੀ ਕਾਰਨ ਸਾਰੀਆਂ ਕੁੜੀਆਂ ਨੂੰ ਸਜ਼ਾ ਮਿਲੇ। ਕੁਝ ਔਰਤਾਂ ਦੀ ਗਲਤੀ ਕਾਰਨ ਸਾਰੀ ਔਰਤ ਜਾਤੀ ਨੂੰ ਗਲਤ ਸਮਝਿਆ ਜਾਂਦਾ ਹੈ। ਕੁੜੀਆਂ ਨੂੰ ਸੋਚਣਾ ਚਾਹੀਦਾ ਹੈ ਕਿ ਸਾਡੇ ਮਾਂ-ਪਿਉ ਸਾਡੇ ਲਈ ਦਿਨ-ਰਾਤ ਮਿਹਨਤ ਕਰਦੇ ਹਨ ਸਾਨੂੰ ਕਾਲਜਾਂ, ਸਕੂਲ, ਯੂਨੀਵਰਸਿਟੀਆਂ ਵਿਚ ਭੇਜਦੇ ਹਨ ਤਾਂ ਜੋ ਅਸੀ ਕੁਝ ਬਣ ਸਕੀਏ। ਆਪਣੇ ਪੈਰਾਂ ਤੇ ਆਪ ਖੜ੍ਹੇ ਹੋ ਸਕੀਏ ਪਰ ਕੁਝ ਕੁੜੀਆਂ ਪੜ੍ਹਨ ਦੇ ਬਹਾਨੇ ਜਾਂਦੀਆਂ ਹਨ ਤੇ ਅਜਿਹੇ ਕੰਮ ਕਰਦੀਆਂ ਹਨ ਜਿਸਦੇ ਕਾਰਨ ਉਨ੍ਹਾਂ ਦੇ ਮਾਂ-ਪਿਉ ਨੂੰ ਸਭਾਂ ਸਾਹਮਣੇ ਸ਼ਰਮਿੰਦਾ ਹੋਣਾ ਪੈਂਦਾ ਹੈ। ਔਰਤਾਂ ਨੂੰ ਸਮਝਣਾ ਚਾਹੀਦਾ ਹੈ ਕਿ ਅਜਿਹੇ ਕੰਮ ਕਰਨ ਜਿਸ ਨਾਲ ਉਨ੍ਹਾਂ ਦੇ ਮਾਂ-ਪਿਉ ਉਨ੍ਹਾਂ ਤੇ ਮਾਣ ਕਰਨ। ਉਨ੍ਹਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਔਰਤ ਦੀ ਇੱਜਤ ਹੀ ਉਸ ਦਾ ਅਸਲੀ ਗਹਿਣਾ ਹੈ। ਉਸ ਲਈ ਸਮਾਜ ਕਦੇ ਨਹੀਂ ਬਦਲਦਾ ਤੇ ਮਰਦਾਂ ਨੂੰ ਔਰਤਾਂ ਦਾ ਸਨਮਾਨ ਕਰਨਾ ਚਾਹੀਦਾ ਹੈ ਉਸ ਨੂੰ ਆਪਣੇ ਪੈਰ ਦੀ ਜੁੱਤੀ ਨਹੀਂ ਸਮਝਣਾ ਚਾਹੀਦਾ।

ਅਮਨਦੀਪ ਕੌਰ ਸੈਦਾਵਾ
ਕਲਾਸ ਨੌਵੀਂ

# ਨਿੱਕੀ ਉਮਰੇ ਵੱਡੀਆਂ ਮੱਲਾਂ ਮਾਰ ਰਹੀ ਹੈ ਸਪਨਪ੍ਰੀਤ ਕੌਰ ਮਾਹਲਾ



ਬੱਚੇ-ਬੱਚੀਆਂ ਹੀ ਸਾਡੇ ਦੇਸ਼ ਦਾ ਅਸਲੀ ਭਵਿੱਖ ਹਨ, ਜਿਨ੍ਹਾਂ ਦੀਆਂ ਅਗਾਂਹਵਧੂ ਸਰਗਰਮੀਆਂ ਨਾਲ ਜਿੱਥੇ ਸਾਡੇ ਦੇਸ਼ ਦਾ ਨਾਅ ਰੋਸ਼ਨ ਹੁੰਦਾ ਹੈ, ਉੱਥੇ ਜਨਮ ਦੇਣ ਵਾਲੇ ਮਾਪਿਆਂ ਦਾ ਵੀ ਕੱਦ ਹੋਰ ਉੱਚਾ ਹੋ ਜਾਂਦਾ ਹੈ, ਜਿਸ ਦੀ ਤਾਜ਼ਾ ਮਿਸਾਲ ਦੇ ਰਹੀ ਹੈ ਇਕ 11 ਸਾਲ ਉਮਰ ਦੀ ਨੰਨੀ-ਮੁੰਨੀ ਬਾਲੜੀ ਸਪਨਪ੍ਰੀਤ ਕੌਰ, ਜਿਸ ਦਾ ਜਨਮ 2 ਜੂਨ 2001 ਨੂੰ ਮਾਤਾ ਕਿਰਨਦੀਪ ਕੌਰ ਦੀ ਕੁੱਖੋਂ ਪਿਤਾ ਰਾਜਿੰਦਰ ਕੁਮਾਰ ਅਰੋੜਾ ਪਿੰਡ ਮਾਹਲਾ ਕਲਾਂ ਜ਼ਿਲ੍ਹਾ ਮੋਗਾ ਵਿਖੇ ਹੋਇਆ। ਸਪਨਪ੍ਰੀਤ ਕੌਰ, ਜਿਸ ਦੇ ਦਾਦਾ ਦੀਵਾਨ ਚੰਦ ਇਕ ਸੇਵਾਮੁਕਤ ਅਧਿਆਪਕ ਹਨ ਅਤੇ ਦਾਦੀ ਸੁਰਜੀਤ ਕੌਰ ਦੇ ਅਨੁਸਾਰ ਇਸ ਬੱਚੀ ਨੇ ਜਨਮ ਤੋਂ ਲੈ ਕੇ ਅੱਜ ਤੱਕ ਜੋ 6ਵੀਂ ਜਮਾਤ, ਜੀ. ਐਨ. ਕਾਨਵੈਂਟ ਸਕੂਲ, ਬਲੂਰ ਦੀ ਵਿਦਿਆਰਥਣ ਹੈ, ਨੇ ਇਕੱਲਾ ਮਾਪਿਆਂ ਦਾ ਨਾਅ ਹੀ ਰੋਸ਼ਨ ਨਹੀਂ ਕੀਤਾ, ਸਗੋਂ ਖੇਡਾਂ, ਡਾਂਸ, ਭੰਗੜਾ, ਲੰਬੀ ਛਾਲ, ਨੈਤਿਕ ਸਿੱਖਿਆ 'ਚ ਵੱਧ ਤੋਂ ਵੱਧ ਸਰਗਰਮੀਆਂ ਦਿਖਾ ਕੇ ਨਾਮਣਾ ਖੱਟਣ ਤੋਂ ਇਲਾਵਾ ਇਹ ਬੱਚੀ ਸਕੂਲ ਦੀ ਰੋਜ਼ਾਨਾ ਪ੍ਰਾਰਥਨਾ ਸਮੇਂ ਅੰਗਰੇਜ਼ੀ ਭਾਸ਼ਾ 'ਚ ਸ਼ਬਦ ਗਾਇਨ ਕਰਨ ਦੀ ਸੇਵਾ ਵੀ ਨਿਰੰਤਰ ਨਿਭਾਉਂਦੀ ਆ ਰਹੀ ਹੈ। ਇਸ ਬੱਚੀ ਦਾ ਬਹੁਤ ਥਾਵਾਂ 'ਤੇ ਮਾਣ-ਸਨਮਾਨ ਹੋ ਰਿਹਾ ਹੈ, ਜਿਸ ਦੇ ਜੇਤੂ ਮੈਡਲਾਂ, ਸਨਮਾਨ ਚਿੰਨ੍ਹਾਂ ਨੇ ਘਰ ਦੀ ਸਜਾਵਟ ਵਿਚ ਵੱਧਦੇ ਵਾਧਾ ਕਰਦਿਆਂ ਸਮੂਹ ਪਰਿਵਾਰਕ ਮੈਂਬਰਾਂ ਦੇ ਹੌਸਲੇ ਬੁਲੰਦ ਕੀਤੇ ਹੋਏ ਹਨ। ਸਪਨਪ੍ਰੀਤ ਦੀ ਵੀ ਸੋਚ ਹੈ ਕਿ ਉਹ ਪੜ੍ਹਾਈ ਤੋਂ ਇਲਾਵਾ ਬਾਕੀ ਖੇਤਰਾਂ 'ਚੋਂ ਨਾਮਣਾ ਖੱਟ ਕੇ ਇਤਿਹਾਸ ਸਿਰਜੇਗੀ ਤੇ ਆਪਣੇ ਛੋਟੇ ਵੀਰ ਪ੍ਰਦੀਪ ਸਿੰਘ ਨੂੰ ਵੀ ਪੜ੍ਹਾਈ ਲਈ ਪ੍ਰੇਰਦੀ ਰਹਿੰਦੀ ਹੈ। ਸ਼ਾਲਾ! ਦੇਸ਼ ਦਾ ਭਵਿੱਖ ਉੱਚਾ ਕਰਨ ਵਾਲੀਆਂ ਬੱਚੀਆਂ ਹਮੇਸ਼ਾ ਚੜ੍ਹਦੀ ਕਲਾ 'ਚ ਰਹਿੰਦੀਆਂ ਹੋਈਆਂ ਜੁੱਗੋ-ਜੁੱਗ ਜਿਊਣ ਤੇ ਮੱਲਾਂ ਮਾਰਦੀਆਂ ਰਹਿਣ।


-ਡਾ. ਸਾਧੂ ਰਾਮ ਲੰਗੇਆਣਾ

9413
528
106

ਪਿਆਰੇ ਬੱਚਿਓ!
ਕੀ ਤੁਹਾਨੂੰ ਪਤਾ ਹੈ ਕਿ ਨਾਲ ਦਿੱਤੇ ਗਏ 1 ਤੋਂ 10 ਤੱਕ ਦੇ ਅੱਖਰਾ ਵਿਚੋਂ ਕਿਹੜਾ ਅੱਖਰ ਨਹੀਂ ਹੈ।

ਉੱਤਰ: 7

ਪੇਸ਼ਕਸ਼: ਭਾਗਵੰਤੀ ਪੁਰਬਾ
E-Mail: bhagwanti.purba@gmail.com



ਨੰਨ੍ਹੇ ਬੱਚਿਆਂ ਦੀਆਂ ਬਣਾਈਆਂ ਤਸਵੀਰਾਂ



www.mehakwatandilive.com

ਧਾਰਮਿਕ ਪ੍ਰੋਗਰਾਮ, ਖੇਡ ਮੇਲੇ ਅਤੇ ਸਾਹਿਤਕ ਸਮਾਗਮਾ ਦਾ "ਮਹਿਕ ਵਤਨ ਦੀ ਲਾਈਵ" ਵੈਬ ਟੀ.ਵੀ. ਤੇ ਲਾਈਵ ਟੈਲੀਕਾਸਟ ਕਰਵਾਉਣ ਲਈ ਸੰਪਰਕ ਕਰੋ:




Help Line: 9988 92 9988

SADAMOGA.COM
ਸਾਡਾ ਮੋਗਾ ਡੌਟ ਕੌਮ

ਤਾਜ਼ੀਆਂ ਖ਼ਬਰਾਂ ਲਈ
ਆਪਣੇ ਐਂਡਰਾਇਡ ਫੋਨ ਦੇ
ਪਲੇਅ ਸਟੋਰ ਤੋਂ ਪੰਜਾਬੀਆਂ ਦਾ
ਆਪਣਾ ਐਪ
Sada Moga
ਇੰਸਟਾਲ ਕਰੋ ਜੀ



M. 98146-34164

# ਕਿਸਾਨ ਵਿਰੋਧੀ ਕਾਲੇ ਕਾਨੂੰਨ ਨੂੰ ਰੱਦ ਕਰਵਾਉਣ ਲਈ ਮੋਦੀ ਸਰਕਾਰ ਖ਼ਿਲਾਫ਼ ਕਿਸਾਨ ਜਥੇਬੰਦੀਆਂ ਨੂੰ ਹਮਾਇਤ ਦੇਣ ਲਈ ਇੱਕਜੁੱਟ ਹੋਇਆ ਸਾਰਾ ਪੰਜਾਬ

ਵਿਸ਼ੇਸ ਰਿਪੋਰਟ: ਭਵਨਦੀਪ ਸਿੰਘ ਪੁਰਬਾ

ਭਾਵੇ ਮੋਦੀ ਸਰਕਾਰ ਦੇ ਬਹੁਮਤ ਹੋਣ ਕਾਰਨ ਕਿਸਾਨ ਵਿਰੋਧੀ ਤਿੰਨ ਕਾਨੂੰਨ ਪਾਸ ਹੋ ਗਏ ਹਨ ਪਰ ਇਨ੍ਹਾ ਨੂੰ ਰੱਦ ਕਰਵਾਉਣ ਲਈ ਸਾਰੀਆਂ ਜੱਥੇਬੰਦੀਆਂ, ਸੰਤ ਸਮਾਜ, ਐਨ.ਜੀ.ਓ. ਅਤੇ ਹਰ ਅਗਾਹਵਧੂ ਸੰਸਥਾ ਨੇ ਆਪਣਾ-ਆਪਣਾ ਬਣਦਾ ਯੋਗਦਾਨ ਪਾਇਆ ਹੈ। ਇਥੇ ਇਹ ਗੱਲ ਮਨ ਨੂੰ ਸਕੂਨ ਦੇਣ ਵਾਲੀ ਹੈ ਕਿ ਕਿਸਾਨ ਵਿਰੋਧੀ ਕਾਲੇ ਕਾਨੂੰਨ ਨੂੰ ਰੱਦ ਕਰਵਾਉਣ ਲਈ ਮੋਦੀ ਸਰਕਾਰ ਖ਼ਿਲਾਫ਼ ਕਿਸਾਨ ਜਥੇਬੰਦੀਆਂ ਨੂੰ ਹਮਾਇਤ ਦੇਣ ਲਈ ਸਾਰਾ ਪੰਜਾਬ ਇੱਕਜੁੱਟ ਹੋ ਗਿਆ ਹੈ। ਨੌ-ਜਵਾਨ ਸਿਆਸੀ ਪਾਰ-ਟੀਆ ਦਾ ਖਹਿੜਾ ਛੱਡ ਕੇ ਕਿਸਾਨੀ ਦੇ ਸੰਘਰਸ਼ ਵਿੱਚ ਕੁੱਦੇ ਹਨ।

ਸੰਤ ਸਮਾਜ ਨੇ ਵੀ ਕਿਸਾਨਾ ਦੇ ਹੱਕ ਵਿੱਚ ਡਟ ਕੇ ਪਹਿਰਾ ਦਿੱਤਾ ਹੈ। 'ਮਹਿਕ ਵਤਨ ਦੀ ਲਾਈਵ' ਬਿਓਰੋ ਕੋਲ ਪਹੁੰਚੀਆਂ ਰਿਪੋਰਟਾ ਮੁਤਾਬਕ ਮੋਗਾ ਇਲਾਕੇ ਵਿੱਚ ਤਿੰਨ ਆਰਡੀਨੈਂਸ ਰੱਦ ਕਰਵਾਉਣ ਲਈ ਸਰਕਾਰ ਖ਼ਿਲਾਫ਼ ਧਰਨੇ ਤੇ ਬੈਠੇ ਅਤੇ ਕਿਸਾਨ ਵਿਰੋਧੀ ਕਾਲੇ ਕਾਨੂੰਨ ਨੂੰ ਰੱਦ ਕਰਵਾਉਣ ਲਈ ਰੇਲ ਰੋਕੋ ਅੰਦੋਲਨ ਵਿੱਚ ਬੈਠੇ ਕਿਸਾਨ ਭਰਾਵਾ ਅਤੇ ਸਹਿਯੋਗੀ ਜੱਥੇਬੰਦੀਆ ਵਾਸਤੇ ਲੰਗਰ ਅਤੇ ਚਾਹ-ਪਾਣੀ ਦੇ ਪ੍ਰਬੰਧ ਵਿੱਚ ਸੰਤ ਸਮਾਜ ਦਾ ਅਹਿਮ ਯੋਗਦਾਨ ਹੈ।

## ਤਿੰਨ ਆਰਡੀਨੈਂਸ ਰੱਦ ਕਰਵਾਉਣ ਲਈ ਧਰਨੇ ਤੇ ਬੈਠੇ ਹਜ਼ਾਰਾਂ ਕਿਸਾਨਾਂ ਵਾਸਤੇ ਸੰਤ ਬਾਬਾ ਗੁਰਦੀਪ ਸਿੰਘ ਨੇ ਭੇਜਿਆਂ ਲੰਗਰ ਤੇ ਚਾਹ-ਪਾਣੀ



ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ) ਚੰਦ ਪੁਰਾਣਾ ਜੋ ਸਮਾਜ ਸੇਵਾ ਅਤੇ ਧਰਮ ਪ੍ਰਚਾਰ ਵਿੱਚ ਮੋਹਰੀ ਜਾਣਿਆ ਜਾਂਦਾ ਹੈ।

ਉੱਥੋਂ ਦੇ ਮੁੱਖ ਸੇਵਾਦਾਰ ਉੱਘੇ ਸਮਾਜ ਸੇਵੀ ਧਾਰਮਿਕ ਸ਼ਖਸੀਅਤ ਸੰਤ ਬਾਬਾ ਗੁਰਦੀਪ ਸਿੰਘ ਜੋ ਹਮੇਸ਼ਾ ਹੀ ਧਾਰਮਿਕ, ਸਮਾਜ ਸੇਵੀ ਅਤੇ ਹੋਰਨਾਂ ਸਮਾਗਮਾਂ ਦੌਰਾਨ ਲੰਗਰ ਦੀ ਸੇਵਾ ਨਿਭਾਉਂਦੇ ਆ ਰਹੇ ਹਨ, ਉਨ੍ਹਾ ਵੱਲੋਂ ਇਸ ਪਿਰਤ ਨੂੰ ਜਾਰੀ ਰੱਖਦੇ ਹੋਇਆ ਬੀਤੇ ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਰੱਦ ਕਰਵਾਉਣ ਲਈ ਮੋਦੀ ਸਰਕਾਰ ਖ਼ਿਲਾਫ਼ ਧਰਨਾ ਦੇ ਰਹੀਆਂ ਕਿਸਾਨ ਜਥੇਬੰਦੀਆਂ ਤੇ ਉਨ੍ਹਾਂ ਦੀਆਂ ਸਹਾਇਕ ਜਥੇਬੰਦੀਆਂ ਦੇ ਹਜ਼ਾਰਾਂ ਧਰਨਾਕਾਰੀਆਂ ਨੂੰ ਲੰਗਰ ਛਕਾਉਣ ਲਈ ਸੰਤ ਬਾਬਾ ਗੁਰਦੀਪ ਸਿੰਘ ਨੇ ਬਾਖੂਬੀ ਸੇਵਾ ਨਿਭਾਈ।

ਸੰਤ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਧਰਨੇ ਉੱਪਰ ਆਪਣੇ ਸੇਵਾਦਾਰਾਂ ਰਾਹੀ ਲੰਗਰ ਅਤੇ ਚਾਹ ਪਾਣੀ ਭੇਜਿਆ ਗਿਆਂ ਜੋ ਸੇਵਾਦਾਰਾਂ ਨੇ ਖੁਦ ਹੀ ਸੰਗਤਾਂ ਵਿੱਚ ਵਰਤਾਇਆਂ।

ਸੰਤ ਬਾਬਾ ਗੁਰਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆਂ ਕਿ ਅੰਨ ਦੇ ਦਾਨ ਤੋ ਵੱਡਾ ਕੋਈ ਵੀ ਦਾਨ ਨਹੀਂ, ਜਿਹੜੇ ਸਾਡੇ ਵੀਰ ਸੜਕਾਂ ਉੱਪਰ ਧਰਨੇ ਦੇ ਕੇ ਕਿਸਾਨਾਂ ਅਤੇ ਪੰਜਾਬ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ ਉਨ੍ਹਾਂ ਸ਼ਖਸੀਅਤਾਂ ਨੂੰ ਲੰਗਰ ਆਦਿ ਹਰੇਕ ਤਰ੍ਹਾਂ ਦੀ ਸੇਵਾ ਕਰਨਾ ਹਰੇਕ ਪ੍ਰਾਣੀ ਦਾ ਫ਼ਰਜ਼ ਬਣਦਾ ਹੈ, ਗੁਰੂ ਘਰ ਵੱਲੋਂ ਇਹ ਪ੍ਰਮਪਰਾ ਅੱਗੋਂ ਲਈ ਵੀ ਜਾਰੀ ਰਹੇਗੀ।

ਇਸ ਮੌਕੇ ਤਰਲੋਨ ਸਿੰਘ ਸਿੱਖਾਂਵਾਲਾ, ਚਮਕੌਰ ਸਿੰਘ ਚੰਦ ਪੁਰਾਣਾ, ਸੂਬੇਦਾਰ ਗੁਰਮੀਤ ਸਿੰਘ, ਰਾਜੂ ਸਿੰਘ, ਸੰਨੀ ਸਿੰਘ, ਪ੍ਰਧਾਨ ਗੁਰਜੰਟ ਸਿੰਘ, ਹਰਜਿੰਦਰ ਸਿੰਘ, ਨਛੱਤਰ ਸਿੰਘ, ਅਜਮੇਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਹੋਰਨਾਂ ਸੇਵਾਦਾਰਾਂ ਨੇ ਵੀ ਵੱਡੇ ਪੱਧਰ 'ਤੇ ਸੇਵਾ ਨਿਭਾਈ।

## ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਰੱਦ ਕਰਵਾਉਣ ਲਈ ਮੋਦੀ ਸਰਕਾਰ ਖ਼ਿਲਾਫ਼ ਕਿਸਾਨ ਜਥੇਬੰਦੀਆਂ ਨੂੰ ਹਮਾਇਤ ਦੇਣ ਲਈ ਬਾਬਾ ਫੌਜਾ ਸਿੰਘ ਜੀ ਸੁਭਾਨੇ ਵਾਲੇ ਇੰਗਲੈਂਡ ਤੋਂ ਪੰਜਾਬ ਪਹੁੰਚੇ



ਸੰਤ ਸਮਾਜ ਹਮੇਸ਼ਾ ਮੁਸ਼ਕਿਲ ਮੁਸੀਬਤਾਂ ਵਿੱਚ ਫਸੇ ਲੋਕਾਂ ਦੀ ਮੱਦਦ ਕਰਦਾ ਆਇਆ ਹੈ ਅਤੇ ਹਮੇਸ਼ਾ ਮਜ਼ਲੂਮਾ ਨਾਲ ਖੜਦਾ ਹੈ। ਜਦੋਂ ਵੀ ਕਦੇ ਕੋਈ ਵਿਪਤਾ ਦੀ ਘੜੀ ਆਉਂਦੀ ਹੈ ਤਾਂ ਸੰਤ ਸਮਾਜ ਵੱਲੋਂ ਹਮੇਸ਼ਾ ਚਾਹ-ਪਾਣੀ ਅਤੇ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ 20 ਰੁਪਏ ਦੇ ਚਲਾਏ ਲੰਗਰ ਵਿੱਚ ਇੰਨ੍ਹੀ ਬਰਕਤ ਹੈ ਕਿ ਇਹ ਕਦੇ ਵੀ ਖਤਮ ਨਹੀਂ ਹੁੰਦਾਂ। ਇਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਟਕਸਾਲ ਅਕਾਲ ਬੁੰਗਾ ਸਾਹਿਬ ਸੁਭਾਨਾ ਦੇ ਮੁੱਖ ਸੇਵਾਦਾਰ ਬਾਬਾ ਸੁਰਿੰਦਰ ਸਿੰਘ ਜੀ ਉਰਫ ਬਾਬਾ ਫੌਜਾ ਸਿੰਘ ਜੀ ਸੁਭਾਨੇ ਵਾਲੇ ਨੇ ਇੰਗਲੈਂਡ ਤੋਂ ਪੰਜਾਬ ਪਰਤਨ ਸਾਰ ਫੋਨ ਕਾਲ ਰਾਹੀਂ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਦਫ਼ਤਰ ਨਾਲ ਸਾਂਝਾ ਕੀਤਾ।

ਉਨ੍ਹਾਂ ਇਹ ਵੀ ਦੱਸਿਆ ਕਿ ਬਲਵੰਤ ਸਿੰਘ ਰਾਮੂ-ਵਾਲੀਆ, ਕੁੱਝ ਹੋਰ ਲੀਡਰ ਅਤੇ ਨਾਸਤਿਕ ਲੋਕ ਕਹਿ ਰਹੇ ਹਨ ਕਿ ਸੰਤ ਸਮਾਜ ਹੁਣ ਅੱਗੇ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ ਪੜਤਾਲ ਕਰਕੇ ਵੇਖੋ, ਕਿਸਾਨ ਵੀਰਾਂ ਤੇ ਜੋ ਮੁਸ਼ਕਿਲ ਬਣੀ ਹੈ ਉਸ ਦੇ ਰੋਸ ਵਜੋਂ ਕਿਸਾਨ ਜਥੇਬੰਦੀਆਂ ਅਤੇ ਉਨ੍ਹਾ ਦੇ ਨਾਲ ਸਮੁੱਚਾ ਪੰਜਾਬ ਖੜਾ ਹੈ ਉਨ੍ਹਾਂ ਲਈ ਲੰਗਰ ਅਤੇ ਚਾਹ-ਪਾਣੀ ਦਾ ਪ੍ਰਬੰਧ ਸੰਤਾਂ ਮਹਾਪੁਰਖਾਂ ਵੱਲੋਂ ਹੀ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਇਹ ਕਿਸੇ ਤੇ ਕੋਈ ਅਹਿਸਾਨ ਨਹੀਂ ਸਗੋਂ ਸਾਡਾ ਫਰਜ਼ ਹੈ।

ਇਸ ਮੌਕੇ ਗੱਲ ਕਰਦਿਆਂ ਬਾਬਾ ਫੌਜਾ ਸਿੰਘ ਜੀ ਸੁਭਾਨੇ ਵਾਲਿਆਂ ਨੇ ਕਿਹਾ ਕਿ ਉਹ ਜਲਦ ਹੀ ਸਮੁੱਚੇ ਸੰਤ ਸਮਾਜ ਨੂੰ ਨਾਲ ਲੈ ਕੇ ਕਿਸਾਨ ਭਰਾਵਾਂ ਦੇ ਹੱਕ ਵਿੱਚ ਡਟ ਕੇ ਪਹਿਰਾ ਦੇਣਗੇ। ਉਹ ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਨੂੰ ਰੱਦ ਕਰਵਾਉਣ ਲਈ ਹਰ ਵੱਡੇ ਤੋਂ ਵੱਡੇ ਸੰਘਰਸ਼ ਵਿੱਚ ਕਿਸਾਨਾਂ ਦੇ ਨਾਲ ਖੜ੍ਹੇ ਹਨ।

## ਤਿੰਨ ਆਰਡੀਨੈਂਸ ਰੱਦ ਕਰਵਾਉਣ ਲਈ ਰੇਲ ਰੋਕ ਧਰਨੇ ਤੇ ਬੈਠੇ ਹਜ਼ਾਰਾਂ ਕਿਸਾਨਾਂ ਵਾਸਤੇ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਨੇ ਭੇਜਿਆਂ ਲੰਗਰ ਤੇ ਚਾਹ-ਪਾਣੀ



ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ) ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਵੱਲੋਂ ਕਿਸਾਨ ਵਿਰੋਧੀ ਤਿੰਨ ਆਰਡੀਨੈਂਸ ਰੱਦ ਕਰਵਾਉਣ ਲਈ ਮੋਦੀ ਸਰਕਾਰ ਖ਼ਿਲਾਫ਼ ਅਜੀਤਵਾਲ ਜ਼ਿਲ੍ਹਾ ਮੋਗਾ ਵਿਖੇ ਰੇਲ ਰੋਕੋ ਧਰਨਾ ਦੇ ਰਹੀਆਂ ਕਿਸਾਨ ਜਥੇਬੰਦੀਆਂ ਨੂੰ ਲੰਗਰ ਛਕਾਉਣ ਲਈ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਨੇ ਬਾਖੂਬੀ ਸੇਵਾ ਨਿਭਾਈ।

ਇਸ ਮੌਕੇ ਗੱਲ ਕਰਦਿਆਂ ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ) ਦੇ ਮੁੱਖ ਪ੍ਰਬੰਧਕ ਭਾਈ ਹਰਪ੍ਰੀਤ ਸਿੰਘ ਭੋਲੀ ਨੇ ਦੱਸਿਆਂ ਕਿ ਅਸੀਂ ਰੇਲ ਰੋਕੋ ਧਰਨਾ ਦੇ ਰਹੀਆਂ ਕਿਸਾਨ ਜਥੇਬੰਦੀਆਂ ਅਤੇ ਉਨ੍ਹਾ ਦੇ ਸਾਥੀਆਂ ਵਾਸਤੇ ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ) ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੀ ਸੁਪਰਸਤੀ ਵਿੱਚ ਲੰਗਰ ਅਤੇ ਚਾਹ ਪਾਣੀ ਲੈ ਕੇ ਹਾਜਰ ਹੋਏ ਹਾਂ। ਜਿਸ ਨੂੰ ਸਾਡੇ ਸੇਵਾਦਾਰ ਖੁਦ ਹੀ ਸੰਗਤਾਂ ਵਿੱਚ ਵਰਤਾ ਰਹੇ ਹਨ।

ਇਸ ਮੌਕੇ ਇਸ ਮੌਕੇ ਹੋਰਨਾ ਤੋਂ ਇਲਾਵਾ ਮੁੱਖ ਪ੍ਰਬੰਧਕ ਭਾਈ ਹਰਪ੍ਰੀਤ ਸਿੰਘ ਭੋਲੀ, ਰਾਜ ਸਿੰਘ ਭੰਡੇਵਾਲਾ, ਦੇਵਨ ਸਿੰਘ ਸਾਫੂਵਾਲਾ, ਗੁਰਨਾਮ ਸਿੰਘ ਮੋਹਨੀ, ਫੂੰਜੀ ਬਲਵੰਤ ਸਿੰਘ, ਜਸਵੰਤ ਸਿੰਘ, ਗਗਨਦੀਪ ਸਿੰਘ, ਮਨਪ੍ਰੀਤ ਸਿੰਘ, ਲਵਪ੍ਰੀਤ ਸਿੰਘ ਲਵਲੀ, ਭੋਅੰਤ ਸਿੰਘ, ਗੁਰਵਿੰਦਰ ਸਿੰਘ ਕਾਲਾ, ਸਾਬਕਾ ਸਰਪੰਚ ਦਵਿੰਦਰ ਸਿੰਘ ਹੋਰ, ਗੋਲੂ ਧਾਮੀ, ਦਵਿੰਦਰ ਸਿੰਘ ਆਲਮਵਾਲਾ, ਸੀਪਾ ਮੰਡੀਰਾਂ, ਸਾਬਕਾ ਸਰਪੰਚ ਇਕੰਤਰ ਸਿੰਘ ਸੰਧੂ ਅਤੇ ਗੁਰਦੁਆਰਾ ਸਾਹਿਬ ਦੇ ਹੋਰਨਾਂ ਸੇਵਾਦਾਰਾਂ ਨੇ ਵੀ ਵੱਡੇ ਪੱਧਰ ਤੇ ਸੇਵਾ ਨਿਭਾਈ।



ਬਾਬਾ ਰੇਸ਼ਮ ਸਿੰਘ ਖੁਖਰਾਣਾ ਜੀ ਜੋ ਦਿਨ ਰਾਤ ਸੰਗਤਾਂ ਦੀ ਸੇਵਾ ਲਈ ਹਾਜ਼ਰ ਰਹਿੰਦੇ ਹਨ। ਇਲਾਕੇ ਵਿੱਚ ਧਾਰਮਿਕ ਸੇਵਾ ਹੋਵੇ ਜਾਂ ਸਮਾਜਿਕ ਹਮੇਸ਼ਾਂ ਸੇਵਾ ਲਈ ਹਾਜ਼ਰ ਰਹਿੰਦੇ ਹਨ। ਜਿਵੇਂ ਆਪ ਸਭ ਸੰਗਤਾਂ ਨੂੰ ਪਤਾ ਹੈ ਕਿ ਪੰਜਾਬ ਕਿਸ ਮਾੜੀ ਘੜੀ ਵਿਚੋਂ ਗੁਜ਼ਰ ਰਿਹਾ ਹੈ। ਪੰਜਾਬ ਦਾ ਹਰ ਨਾਗਰਿਕ ਸੜਕਾਂ ਦੇ ਧਰਨੇ ਲਗਾਉਣ ਲਈ ਮਜਬੂਰ ਹੈ। ਇਸ ਮਾੜੇ ਦੌਰ ਵਿਚ ਸਾਨੂੰ ਆਪਣੇ ਕਿਸਾਨ ਤੇ ਮਜ਼ਦੂਰ ਭਰਾਵਾਂ ਲਈ ਜਿਥੋਂ ਤੱਕ ਹੋ ਸਕੇ ਡੱਟ ਕੇ ਖੜਨਾ ਚਾਹੀਦਾ ਹੈ ਤੇ ਜਿਥੋਂ ਤੱਕ ਮੱਦਦ ਹੋ ਸਕੇ ਆਪਣੇ ਭਰਾਵਾਂ ਦੀ ਮੱਦਦ ਕਰਨੀ ਚਾਹੀਦੀ ਹੈ।

ਇਸੇ ਗਲ ਨੂੰ ਮੁੱਖ ਰੱਖਦੇ ਹੋਏ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ ਵੱਲੋਂ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਇਸ ਔਖਤੀ ਕਾਲ ਵਿੱਚ ਕਿਸਾਨ ਤੇ ਮਜ਼ਦੂਰ ਭਰਾਵਾਂ ਦੇ ਸਹਿਯੋਗ ਲਈ ਧਰਨੇ ਤੇ ਬੈਠੀ ਸੰਗਤਾਂ ਦੀ ਸੇਵਾ ਲਈ ਸੇਵਾਦਾਰਾਂ ਵੱਲੋਂ ਲੰਗਰ ਪਹੁੰਚਾਇਆ ਜਾਂਦਾ ਹੈ। ਬਾਬਾ ਜੀ ਆਪ ਵੀ ਧਰਨੇ ਵਿੱਚ ਹਾਜ਼ਰੀ ਲਗਵਾਉਂਦੇ ਹਨ ਤੇ ਕਿਸਾਨਾ ਤੇ ਮਜ਼ਦੂਰਾ ਦੇ ਹੱਕਾ ਲਈ ਆਵਾਜ਼ ਉਠਾਉਂਦੇ ਹਨ। ਸਾਡਾ ਸਾਰੀਆ ਦਾ ਹੱਕ ਬਣਦਾ ਹੈ, ਅਸੀਂ ਵੀ ਕਿਸਾਨ ਮਜ਼ਦੂਰਾ ਦੇ ਨਾਲ ਖੜੀਏ ਤੇ ਜਿਥੋਂ ਤੱਕ ਹੋ ਸਕੇ ਸਹਿਯੋਗ ਦਈਏ।

Scanned with CamScanner




## ਆਪਣੇ ਹੱਥੀ ਆਪਣੀ ਜੜ ਆਪ ਨਾ ਪੁਟੋ

ਪਿਛਲੇ ਕੁਝ ਦਿਨਾਂ ਤੋਂ ਜੋ ਰੌਲਾ ਰੱਪਾ ਪੈ ਰਿਹਾ ਹੈ ਕਿ ਕਣਕ ਦੇ ਨਾੜ ਨੂੰ ਅੱਗ ਨਾ ਲਗਾਈ ਜਾਵੇ। ਇਹ ਬਹੁਤ ਹੀ ਸ਼ਲਾਘਾ ਯੋਗ ਫੈਸਲਾ ਹੈ। ਕਿਉਂਕਿ ਪ੍ਰਦੂਸ਼ਣ ਦੇ ਨਾਲ ਜੋ ਵਾਤਾਵਰਣ ਖਰਾਬ ਹੋ ਰਿਹਾ ਹੈ ਉਹ ਜਿਥੇ ਮਨੁੱਖ ਜਾਤੀ ਵਾਸਤੇ ਖਤਰਨਾਕ ਰੁਜਾਨ ਹੈ । ਉਥੇ ਪਸ਼ੂ ਪੰਛੀਆਂ ਅਤੇ ਬਨਸਪਤੀ ਵਾਸਤੇ ਅਤਿ ਖਤਰਨਾਕ ਹੈ ਅਸੀ ਇਸ ਗੱਲ ਨੂੰ ਭਲੀ ਭਾਂਤ ਸਮਝਦੇ ਹਾਂ ਕਿ ਆਰਥਿਕ ਪੱਖ ਤੋ ਟੁੱਟੇ ਤੇ ਕਰਜਾਈ ਕਿਸਾਨ ਭਰਾਵਾਂ ਨੂੰ ਇਸ ਗੱਲ ਦਾ ਬਹੁਤ ਬੋਝ ਮਹਿਸੂਸ ਹੋ ਰਹਾ ਹੈ ਕਿਉਂਕਿ ਇਸ ਨਾਲ ਡੀਜਲ ਦਾ ਕੁਝ ਖਰਚਾ ਵਧ ਰਿਹਾ ਹੈ।

ਫਸਲਾਂ ਦਾ ਲਾਗਤ ਮੁੱਲ ਨਾ ਮਿਲਣ ਕਾਰਨ ਕਿਰਸਾਨੀ ਪਹਿਲਾਂ ਤੋਂ ਹੀ ਘਾਟੇ ਦਾ ਸੌਦਾ ਬਣੀ ਹੋਈ ਹੈ। ਇਸ ਲਈ ਸਾਡੀ ਸਰਕਾਰ ਨੂੰ ਵੀ ਬੇਨਤੀ ਹੈ ਕਿ ਇਸ ਫੈਸਲੇ ਨੂੰ ਲਾਗੂ ਕਰਵਾਉਣ ਵਾਸਤੇ ਕਿਸਾਨ ਭਰਾਵਾਂ ਦੀ ਕੁਝ ਆਰਥਿਕ ਮਦਦ ਕੀਤੀ ਜਾਵੇ ਦੂਸਰੇ ਪਾਸੇ ਅੱਗ ਲਾਉਣ ਕਾਰਨ ਜੋ ਨੁਕਸਾਨ ਹੋ ਰਿਹਾ ਹੈ ਉਸ ਦਾ ਖਮਿਆਜਾ ਆਉਣ ਵਾਲੀਆ ਪੀੜੀਆਂ ਨੂੰ ਭੁਗਤਣਾ ਪਵੇਗਾ।

ਵਾਤਾਵਰਨ ਨੂੰ ਸ਼ੁਧ ਰੱਖਣ ਵਾਸਤੇ ਜੋ ਵੱਡੀ ਗਿਣਤੀ ਦੇ ਵਿਚ ਦਰੱਖਤ ਲਗਣੇ ਚਾਹੀਦੇ ਹਨ ਉਹ ਅਸੀ ਨਹੀ ਲਾਉਂਦੇ ਜੋ ਪਹਿਲਾਂ ਲਗੇ ਹਨ ਉਹ ਅੱਗ ਦੀ ਲਪੇਟ ਵਿਚ ਆ ਕੇ ਸੜ ਜਾਂਦੇ ਹਨ। ਜਿਸ ਨਾਲ ਪ੍ਰਦੂਸ਼ਣ ਦਿਨੋ ਦਿਨ ਵੱਧ ਰਿਹਾ ਹੈ ਹਵਾ ਜਿਹਰੀਲੀ ਹੋ ਰਹੀ ਹੈ। ਜਿਸ ਵਿਚ ਸਾਹ ਲੈਣਾ ਔਖਾ ਹੋਇਆ ਪਿਆ ਹੈ।

ਬਿਮਾਰੀਆ ਦੀ ਭਰਮਾਰ ਦਿਨੋ ਦਿਨ ਵਧ ਰਹੀ ਹੈ। ਜਿਸ ਨਾਲ ਸਾਹ ਦਮਾ ਟੀ.ਬੀ. ਚਮੜੀ ਦੇ ਰੋਗ ਖਾਜ ਖੁਜਲੀ ਦੀ ਲਪੇਟ ਦੇ ਵਿਚ ਆਮ ਹੀ ਲੋਕ ਆ ਰਹੇ ਹਨ ਜੋ ਆਪਣੇ ਵਾਸਤੇ ਬਹੁਤ ਹੀ ਘਾਤਕ ਹੈ। ਜੇ ਅਸੀ ਪਰਾਲੀ ਨੂੰ ਅਗਾਂ ਲਾ ਕੇ ਪ੍ਰਦੂਸ਼ਣ ਇਸੇ ਤਰਾਂ ਜਾਰੀ ਰਖਿਆ ਤਾਂ ਇਸ ਦਾ ਬਹੁਤ ਵਡਾ ਨੁਕਸਾਨ ਉਠਾਉਣਾ ਪਵੇਗਾ। ਨਵੇਂ ਪੈਦਾ ਹੋਣ ਵਾਲੇ ਬੱਚੇ ਸਾਹ ਦੇ ਰੋਗੀ ਅਤੇ ਫੇਫੜਿਆਂ ਦੀਆਂ ਬੀਮਾਰੀਆਂ ਤੋਂ ਗ੍ਰਸਤ ਪੈਦਾ ਹੋਣਗੇ। ਇਹ ਕਨੂੰਨ ਤਾਂ ਪਹਿਲਾਂ ਦਾ ਹੀ ਬਣਿਆ ਹੋਇਆ ਹੈ ਪਰ ਬਾਦਲਾਂ ਨੇ ਵੋਟਾ ਲੈਣ ਖਾਤਰ ਇਸ ਨੂੰ ਲਾਗੂ ਨਹੀ ਹੋਣ ਦਿੱਤਾ। ਜੇ ਕੈਪਟਨ ਸਰਕਾਰ ਇਸ ਨੂ ਸਖਤੀ ਦੇ ਨਾਲ ਲਾਗੂ ਕਰਵਾਉਂਦੀ ਹੈ ਤਾਂ ਇਹ ਇਕ ਸਲਾਘਾ ਯੋਗ ਕਦਮ ਹੋਵੇਗਾ। ਇਸ ਲਈ ਇਸ ਦਾ ਵਿਰੋਧ ਨਹੀ ਕਰਨਾ ਚਾਹੀਦਾ ਸਗੋਂ ਸਹਿਯੋਗ ਦੇਣਾ ਚਾਹੀਦਾ ਹੈ।

ਇਸ ਲਈ ਅੱਗ ਲਾਉਣੀ ਬੰਦ ਕਰੋ, ਵਧ ਤੋਂ ਵਧ ਦਰੱਖਤ ਲਾਉ ਜਿਸ ਨਾਲ ਪ੍ਰਦੂਸ਼ਣ ਰਹਿਤ ਹਵਾ ਦੇ ਵਿਚ ਆਪਾਂ ਸਾਹ ਲੈ ਸਕੀਏ। ਜਿਨ੍ਹਾਂ ਖਰਚਾ ਪਰਾਲੀ ਨੂੰ ਵਿਚ ਵਾਹੁਣ ਤੇ ਆਉਂਦਾ ਹੈ ਉਸ ਤੋਂ ਕਈ ਗੁਣਾ ਵਧ ਅਸੀਂ ਡਾਕਟਰਾਂ ਨੂੰ ਦੇ ਰਹੇ ਹਾਂ ਉਸ ਦੀ ਵੀ ਬਚਤ ਕਰੀਏ। ਜੇ ਆਪਾ ਨਾ ਸੰਭਲੇ ਤਾਂ ਆਉਣ ਵਾਲੇ ਸਮੇ ਦੇ ਵਿਚ ਬਹੁਤ ਨੁਕਸਾਨ ਉਠਾਵਾਂਗੇ। ਇਹ ਕਦਮ ਆਪਣੇ ਹੱਥੀ ਆਪਣੀਆਂ ਜੜਾ ਪੁੱਟਣ ਵਾਲਾ ਸਿੱਧ ਹੋਵੇਗਾ।

ਗੁਰੂ ਪੰਥ ਦੇ ਦਾਸ
ਬਾਬਾ ਰੇਸ਼ਮ ਸਿੰਘ ਖੁਖਰਾਣਾ
(ਸੀਨੀਅਰ ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ)

---

## ਮੱਚਦੇ ਸਿਵੇ ਤੇ ਪਰੌਠੇ ਨਾ ਸੇਕੋ

– ਕੁਲਵਿੰਦਰ ਚਾਰੇਵਾਲਾ, ਮੋਗਾ

ਕਿਸਾਨ ਇਸ ਵਕਤ ਬਹੁਤ ਜ਼ਿਆਦਾ ਦੁੱਖੀ ਤੇ ਨਰਾਜ਼ਗੀ 'ਚ ਹੈ। ਸਿਆਸਤਦਾਨਾ ਵੱਲੋਂ ਕਮਾਇਆ ਧ੍ਰੋਹ ਕਰਕੇ ਉਹ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਭਾਵੇਂ ਦਰਜਨ ਦੇ ਕਰੀਬ ਕਿਸਾਨ ਯੂਨੀਅਨਾਂ ਹਨ ਪਰ ਹੁਣ ਇਸ ਵਕਤ ਸਭ ਗਿਲੇ ਸ਼ਿਕਵੇ ਭੁਲਾ ਕੇ ਹਾਕਮਾਂ ਨੂੰ ਵਖਤ ਪਾ ਰਹੀਆਂ ਹਨ ਸਰਕਾਰ ਨੂੰ ਸੋਚਣ ਲਈ ਮਜਬੂਰ ਕਰ ਰਹੀਆ ਹਨ।

ਰਾਜਨੇਤਾ ਵੀ ਤੇਲ ਦੀ ਧਾਰ ਵੇਖ ਕੇ ਪਾਸਾ ਪਲਟ ਰਹੇ ਹਨ। ਜੋ ਅਸਤੀਫਿਆਂ ਦੀ ਖੇਡ ਖੇਡੀ ਜਾ ਰਹੀ ਹੈ ਕਿਸਾਨ ਬਚਾਉਣ ਲਈ ਨਹੀਂ ਆਪਣਾ ਸਿਆਸੀ ਕੈਰੀਅਰ ਬਚਾਉਣ ਲਈ ਖੇਡੀ ਜਾ ਰਹੀ ਹੈ। ਪਿਛਲੇ ਦੋ ਕੁ ਦਿਨਾਂ ਤੋਂ ਨੌਜਵਾਨ ਧਰਨਿਆਂ ਚ ਆ ਕੇ ਬੈਠ ਗਏ ਹਨ। ਬਾਪੂ ਵੀ ਹੋਰ ਹੌਸਲੇ ਨਾਲ ਤਕੜੇ ਹੋ ਕੇ ਨਾਹਰੇ ਮਾਰਦੇ ਹਨ। ਖੇਤੀ ਕਰਨ ਵਾਲੇ ਹਰ ਵਿਅਕਤੀ ਨੂੰ ਪਤਾ ਲੱਗ ਗਿਆ ਹੈ ਕਿ ਮੋਦੀ ਸਰਕਾਰ ਨੇ ਸਾਡੇ ਗੱਲ ਵਿੱਚ ਬਿੱਲ ਪਾਸ ਕਰਕੇ ਮੋਟਾ ਰੱਸਾ ਪਾ ਦਿੱਤਾ ਹੈ ਇਸ ਰੱਸੇ ਨੂੰ ਪਾਉਣ ਵਿੱਚ ਸਹਾਇਤਾ ਬਾਦਲ ਤੇ ਕੈਪਟਨ ਸਰਕਾਰ ਨੇ ਕੀਤੀ ਹੈ।

ਭ੍ਰਸਤ ਸਿਆਸੀ ਨੇਤਾ ਹੁਣ ਝੂਠੀ ਹਮਦਰਦੀ ਬਟੋਰ ਰਹੇ ਹਨ ਆਪ ਹੀ ਕਿਰਸਾਨੀ ਦਾ ਸੱਥਰ ਵਿਛਾ ਕੇ ਹੁਣ ਭੋਲੇ ਅੰਨਦਾਤੇ ਦੀ ਬਾਂਹ ਫੜਨ ਦੀ ਹਾਮੀ ਭਰ ਰਹੇ ਹਨ ਜੋ ਸਭ ਸਿਆਸੀ ਡਰਾਮੇ ਹਨ। ਸੋਚੀਆ 'ਚ ਲੂਣ ਤਾਂ ਪਾ ਦਿੱਤਾ ਹੁਣ ਝੂਠੇ ਦਿਲਾਸਿਆਂ ਤੇ ਗਲਵਕੜੀ ਹੋਣ ਦਾ ਕੀ ਫ਼ਾਇਦਾ।

## ਕਸ਼ਮੀਰ 'ਚ ਧਾਰਾ 370 ਜਬਰੀ ਲਾਗੂ ਕਰਨ ਦੀ ਤਰਜ ਤੇ ਹੀ ਪੰਜਾਬ 'ਚ ਲਿਆਂਦਾ ਗਿਆ ਇਹ ਖੇਤੀ ਬਿੱਲ...



ਡਾ. ਮਨਜੀਤ ਸਿੰਘ ਸਰਾਂ
ਕੰਪਿਊਟਰ ਕੋਚਿੰਗ ਸੈਂਟਰ (ਨਿਊ ਸਿਟੀ)
Mob. 61969-04485



ਭਾਜਪਾ ਸਰਕਾਰ ਦੀ ਹੈਂਕੜਬਾਜੀ ਤੇ ਘੱਟ ਗਿਣਤੀਆਂ ਪ੍ਰਤੀ ਮਾਰੂ ਸੋਚ ਦਾ ਨਤੀਜਾ ਹੈ ...ਇਹ ਕਿਸਾਨ ਵਿਰੋਧੀ ਬਿੱਲ। ਸਰਕਾਰ ਦੀ ਸੋਚ ਸੀ ਕਿ ਜਿਸ ਤਰਾਂ ਕਸ਼ਮੀਰ 'ਚ ਧਾਰਾ 370 ਜਬਰੀ ਬੰਦੂਕ ਦੀ ਨੋਕ ਸਥਾਪਿਤ ਕੀਤੀ ਗਈ। ਠੀਕ ਉਸੇ ਤਰਾਂ ਕੋਵਿਡ ਦੇ ਚੱਲਦਿਆਂ ਇਹ ਕਿਸਾਨ ਵਿਰੋਧੀ ਬਿੱਲ ਜਬਰੀ ਲਾਗੂ ਕਰ ਦਿੱਤੇ ਜਾਣ ਵਰਨਾ ਇੰਡੀਆ ਕੀ ਪਹਾੜ ਟੁੱਟ ਪਿਆ ਸੀ ਕਿ ਕੋਵਿਡ ਦੇ ਚੱਲਦੇ ਭਿਆਨਕ ਸਮੇ 'ਚ ਇਹ ਬਿਲ ਲਿਆਉਣ ਦੀ ਤੇ ਉੱਪਰੋ ਨਾਲ ਦੀ ਨਾਲ ਰਾਸ਼ਟਰਪਤੀ ਤੋ ਪਾਸ ਕਰਾਉਣ ਦੀ? ਭਾਜਪਾ ਦੀ ਕਾਰਪੋਰੇਟ ਘਰਾਣਿਆਂ ਪ੍ਰਤੀ ਯਾਰੀ ਕਿਸਾਨ ਵਰਗ ਲਈ ਇੱਕ ਵੱਡਾ ਖਤਰਾ ਨਜਰ ਆ ਰਿਹਾ ਹੈ। ਇਹ ਜਲਦ ਬਾਜੀ ਸਰਕਾਰ ਦੀ ਮਾੜੀ ਨੀਯਤ ਨੂੰ ਸਾਫ ਸਾਫ ਬਿਆਨ ਰਹੀ ਹੈ । ਬੇਸ਼ੱਕ ਸਰਕਾਰ ਨੇ ਅਮੀਰ ਘਰਾਣਿਆਂ ਕੋਲ ਕਿਸਾਨ ਨੂੰ ਵੇਚ ਕੇ ਖੁਸ਼ ਨਜਰ ਆ ਰਹੀ ਹੈ ਪਰ ਉਹ ਇਹ ਨਹੀ ਜਾਣਦੀ ਕਿ ਉਸਨੇ ਕਿੱਧਰੇ ਨਾਂ ਕਿੱਧਰੇ ਆਪਣੀ ਕਬਰ ਨੂੰ ਪਹਿਲਾ ਟੱਕ ਖੁਦ ਲਾ ਲਿਆ ਹੈ।

ਜਦੋਂ ਤੋ ਮੋਦੀ ਸੱਤਾ 'ਚ ਆਏ ਹਨ। ਉਦੋਂ ਤੋਂ ਹੀ ਉਨਾਂ ਦੀ ਸਰਕਾਰ ਹਰ ਖੇਤਰ 'ਚ ਹਰ ਵਰਗ ਨਾਲ ਧੱਕਾ ਕਰ ਕੇ ਆਪਣੀ ਧੱਕ ਜਮਾਉਂਦੇ ਆਏ ਹਨ। ਚਾਹੇ ਮਸਲਾ ਬਾਬਰੀ ਮਸਜਿਦ ਨੂੰ ਢਾਅ ਕੇ ਰਾਮ ਮੰਦਿਰ ਬਣਾਉਣ ਦਾ ਹੋਵੇ, ਰਾਤੋ ਰਾਤ ਕਸ਼ਮੀਰ 'ਚ ਧਾਰਾ 370 ਬਿਨਾਂ ਸਹਿਮਤੀ ਦੇ ਲਾਗੂ ਕਰਨ ਦੀ ਗੱਲ ਹੋਵੇ, ਘੱਟ ਗਿਣਤੀਆਂ ਨੂੰ ਕੁਚਲਣ ਦੀ ਗੱਲ ਹੋਵੇ, ਗੈਰ ਭਾਜਪਾ ਰਾਜ ਸਰਕਾਰਾਂ ਨੂੰ ਤੋੜ ਆਪਣੀ ਸਰਕਾਰ ਬਣਾਉਣ ਦਾ ਮੁੱਦਾ ਹੋਵੇ ਜਾਂ ਫਿਰ ਰਿਲਾਇੰਸ ਨੂੰ ਕਾਰਪੋਰੇਟ ਘਰਾਣਿਆਂ ਕੋਲ ਵੇਚਣ ਦੀ ਗੱਲ ਹੋਵੇ ਪਰ ਕਹਿੰਦੇ ਨੇ ਕਿ ਹਰ ਚੀਜ ਦਾ ਇਕ ਅੰਤ ਹੁੰਦਾ ਹੈ ਤੇ ਹਰ ਜੁਲਮ ਦਾ ਅਖੀਰ ਵੀ ਤੈਅ ਹੁੰਦਾ ਹੈ।

ਸਾਫ ਤੌਰ ਤੇ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਸਰਕਾਰ ਨੇ ਜਾਣ ਬੁਝ ਕੇ ਕਿਸਾਨ , ਮਜਦੂਰ , ਆੜਤੀਏ ਤੇ ਹਰ ਆਮ ਆਦਮੀ ਨੂੰ ਲੱਖਾਂ ਦੀ ਤਦਾਦ 'ਚ ਸੜਕਾਂ ਤੇ ਉੱਤਰਣ ਲਈ ਮਜਬੂਰ ਕਰ ਦਿੱਤਾ ਹੈ ਕਿਉਂਕਿ ਮੋਦੀ ਸਾਹਿਬ ਦੀ ਸੋਚ ਸੀ ਕਿ ਕੋਵਿਡ ਦੇ ਚੱਲਦਿਆਂ ਇਹ ਬਿਲ ਲਿਆਉਣਾ ਅਸਾਨ ਹੋਵੇਗਾ ਕਿਉਂਕਿ ਲੋਕ ਕਰੋਨਾ ਦੇ ਡਰ ਤੋ ਲੋਕ ਅੰਦਰ ਡੱਕੇ ਰਹਿਣਗੇ ਪਰ ਉਹ ਇਹ ਨਹੀ ਜਾਣਦੇ ਕਿ ਅੱਜ ਦੇਸ਼/ ਪੰਜਾਬ ਦਾ ਕਿਸਾਨ ਬਰਬਾਦੀ ਦੀ ਕਗਾਰ ਤੇ ਖੜਾ ਹੈ।

ਜਿਸ ਲਈ ਉਸ ਲਈ ਅੱਗੇ ਖੂਹ ਤੇ ਪਿੱਛੇ ਖਾਤਾ ਹੈ। ਇਸ ਲਈ ਕਿਸਾਨ ਖਤਰੇ ਦੇ ਚੱਲਦੇ ਵੀ ਆਪਣੇ ਭਵਿੱਖ ਲਈ ਸੜਕਾਂ ਤੇ ਕਫਨ ਬੰਨ ਕੇ ਉੱਤਰ ਆਇਆ ਹੈ। ਉਹ ਸਿੱਧੇ ਤੌਰ ਤੇ ਕਰੋਨਾ ਦੇ ਚੱਕਰਵਿਊ 'ਚ ਜਾ ਵੜਿਆ ਹੈ। ਹੁਣ ਵੇਖਣਾ ਇਹ ਹੈ ਕਿ ਰੱਬ ਨਾਂ ਕਰੇ ਕਿ ਲੱਖਾਂ ਦੀ ਤਦਾਦ 'ਚ ਸੜਕਾਂ ਤੇ ਬੈਠੇ ਕਿਸਾਨਾਂ ਤੇ ਕੋਵਿਡ ਦੀ ਬੁਰੀ ਨਜਰ ਪਵੇ ...ਨਹੀ ਤਾਂ ਸਮਾਂ ਤੇ ਇਤਿਹਾਸ ਕਦੇ ਵੀ ਇਸ ਸਰਕਾਰ ਨੂੰ ਮੁਆਫ ਨਹੀ ਕਰੇਗਾ।

ਹੁਣ ਪੰਜਾਬ ਦੇ ਕਿਸਾਨ ਵੱਲੋ ਪੰਜਾਬ 'ਚ ਅੰਬਾਨੀਆਂ – ਅੰਡਾਨੀਆਂ ਦੇ ਗੋਦਾਮਾਂ, ਪੰਪਾਂ ਤੇ ਸਟੋਰਾਂ ਨੂੰ ਘੇਰਣਾ ਤੇ ਅੰਦੋਲਨ ਨੂੰ ਅਣ ਮਿੱਥੇ ਸਮੇ ਲਈ ਲੜਨ ਦਾ ਫੈਸਲਾ ਆਰ ਪਾਰ ਦੀ ਲੜਾਈ ਬਣ ਗਿਆ ਹੈ। ਕਿਸਾਨ ਵਰਗ ਵੱਲੋ ਇਹ ਫੈਸਲਾ ਰੱਦੇ ਤੇ ਭਿਆਨਕ ਸਮੇ ਵੱਲ ਸੰਕੇਤ ਕਰ ਰਿਹਾ ਹੈ। ਜਿਸ ਲਈ ਸਰਕਾਰ ਨੂੰ ਮੁੜ ਵਿਚਾਰਣ ਦੀ ਲੋੜ ਹੈ ...ਨਹੀ ਤਾਂ ਇਹ ਸੰਘਰਸ਼ ਸਰਕਾਰ ਦੀ ਅਰਥੀ 'ਚ ਆਖਰੀ ਕਿੱਲ ਸਾਬਿਤ ਹੋਵੇਗਾ ।

ਚਾਰੇ ਪਾਸੇ ਮਹਿਕਾਂ ਖਿਲਾਰਦਾ.... ਮੇਰਾ ਮੋਗਾ ਵਈ, ਮੇਰਾ ਮੋਗਾ ਲਿਸ਼ਕਾਂ ਮਾਰਦਾ।
ਸੁੱਖ ਰੱਖੀ ਮੇਰੇ ਪੰਜਾਬ ਨੂੰ ਸੁੱਖ ਰੱਖੀ ਮਾਲਕਾ... ਮਾਂ ਤੂੰ ਰੱਬ ਦਾ ਰੂਪ ਏ, ਰੱਬ ਤੇਰੇ ਵਿੱਚ ਵਸਦਾ।

ਲੋਕ ਚੇਤਨਾ ਕੇਂਦਰ

ਪ੍ਰੋ : ਗੀਤਕਾਰ ਜਗਤਾਰ ਸਿੰਘ ਪਰਮਿਲ

(ਮੈਰਿਜ ਸਲਾਹਕਾਰ) ਰਜਿ: ਨੰ. 8/40/179/7015
ਪਿੰਡ ਨਾਹਲ ਖੋਟੇ (ਡਾਕ ਤਾਰੇਵਾਲਾ) ਜਿਲ੍ਹਾ ਮੋਗਾ–142 001
Mob. 98556-88072, 88728-09846

Scanned with CamScanner

# ਕਾਵਿ-ਕਿਆਰੀ

## ਨਾਨਕ ਘਰ ਦੇ ਪਿਆਰੇ ਬਾਬਾ ਨੰਦ ਸਿੰਘ ਜੀ

ਡਿੱਗਦਿਆਂ ਦੇ ਸਹਾਰੇ ਬਾਬਾ ਨੰਦ ਸਿੰਘ ਜੀ,
ਡੁੱਬਦਿਆਂ ਦੇ ਕਿਨਾਰੇ ਬਾਬਾ ਨੰਦ ਸਿੰਘ ਜੀ।
ਨਾਨਕ ਦੇ ਪਿਆਰੇ ਬਾਬਾ ਨੰਦ ਸਿੰਘ ਜੀ...
ਨਾਨਕਸਰ ਚਰਨ ਤੁਸਾਂ ਨੇ ਪਾਏ,
ਸੁੱਤੀ ਧਰਤ ਨੂੰ ਭਾਗ ਲਗਾਏ।
ਪਏ ਨੇ ਵਸਤਰ ਅਤੇ ਖੜਾਵਾਂ,
ਉਥੇ ਜਾ ਕੇ ਕਰਨ ਦੁਆਵਾਂ।
ਬੇੜੀ ਸੰਗਤ ਵਾਲਾਂ ਮਾਰੇ ਬਾਬਾ ਨੰਦ ਸਿੰਘ ਜੀ,
ਨਾਨਕ ਘਰ ਦੇ ਪਿਆਰੇ...

ਨਾਮ ਹੀ ਸੁਣਨਾ ਨਾਮ ਹੀ ਕਹਿਣਾ,
ਨਾਮ ਹੀ ਪੂਜਾ ਨਾਮ ਹੀ ਗਹਿਣਾ।
ਨਾਮ ਬਿਨ੍ਹਾਂ ਕੀ ਜੱਗ ਤੇ ਰਹਿਣਾ,
ਬੱਸ ਇਹੀ ਕਰਨ ਇਸ਼ਾਰੇ ਬਾਬਾ ਨੰਦ ਸਿੰਘ ਜੀ।
ਨਾਨਕ ਘਰ ਦੇ ਪਿਆਰੇ...

ਨਾ ਦੌਲਤ ਮੰਗਾਂ, ਨਾ ਸ਼ੋਹਰਤ ਮੰਗਾਂ,
ਨਾ ਮੈਂ ਮੰਗਾਂ ਕੋਠੀਆਂ ਕਾਰਾਂ ਨੂੰ।
ਜੀਵਨ ਦੀ ਬਾਜ਼ੀ ਜਿੱਤ ਕੇ ਜਾਣੀ,
ਤੁਸੀ ਮਾਰ ਦਿਓ ਸਭ ਵਿਕਾਰਾਂ ਨੂੰ।
ਕੂਹ ਇੱਕੋ ਅਕਾਲ ਪੁਕਾਰੇ ਬਾਬਾ ਨੰਦ ਸਿੰਘ ਜੀ,
ਨਾਨਕ ਘਰ ਦੇ ਪਿਆਰੇ...

ਦਰ ਤੇਰੇ ਜੋ ਵੀ ਆਏ ਸਵਾਲੀ,
ਕਦੇ ਨਾ ਝੋਲੀ ਫਿਰ ਜਾਏ ਖਾਲੀ।
ਬਾਗ ਤੇਰੇ ਦਾ ਬਣੇ ਮੈਂ ਮਾਲੀ,
ਚਾਹ ਫੁੱਲਾਂ ਨਾਲ ਸ਼ਿੰਗਾਰੇ ਬਾਬਾ ਨੰਦ ਸਿੰਘ ਜੀ।
ਨਾਨਕਸਰ ਘਰ ਦੇ ਪਿਆਰੇ ਬਾਬਾ ਨੰਦ ਸਿੰਘ ਜੀ

(ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੇ ਆਸ਼ੀਰਵਾਦ ਸਦਕਾ)

-ਜਸਪਿੰਦਰ ਕੌਰ ਧਾਲੀਵਾਲ,
ਫਰੀਦਕੋਟ।

ਪ੍ਰਸਿੱਧ ਲੇਖਕ ਬਲਵਿੰਦਰ ਸਿੰਘ ਚਾਨੀ ਨੂੰ ਦਿਲੀ ਸ਼ਰਧਾਂਜਲੀ

## ਚਾਨੀ ਪਿੰਡ ਬਰਗਾੜੀ ਵਾਲਾ ਵੰਡਕੇ ਗੂੜ੍ਹਾ ਪਿਆਰ ਗਿਆ

ਵੰਸ਼ ਲਾਲੇ ਦੀ ਧਾਖਰ ਸਿੰਘ ਦੇ ਘਰ ਵਿਚ ਜੰਮਿਆ ਲਾਲ ਵੀਰੋ।
ਛੋਟੀ ਉਮਰੇ ਪਾਈ ਪ੍ਰੀਤੀ ਗੁਰਬਾਣੀ ਦੇ ਨਾਲ ਵੀਰੋ।
ਗੁਣੀ ਲੋਕ ਤੇ ਕਦਰਦਾਨਾਂ ਤੋਂ ਕਰਵਾਕੇ ਓ ਸਤਿਕਾਰ ਗਿਆ।
ਚਾਨੀ ਪਿੰਡ......
ਹੱਸ-ਮੁੱਖ ਚੇਹਰਾ ਮਿੱਠਬੋਲੜਾ ਇਹ ਉਸ ਦੀ ਵਡਿਆਈ ਸੀ।
ਦੇਸ਼ਾਂ ਅਤੇ ਵਿਦੇਸ਼ਾਂ ਦੇ ਵਿਚ ਕੀਤੀ ਕਿਰਤ ਕਮਾਈ ਸੀ।
ਕਹਿੰਦੇ ਨੇ ਬਰਗਾੜੀ ਵਾਲੇ ਕਿੰਦਰ ਕਾਰੀਗਾਰ ਗਿਆ।
ਚਾਨੀ ਪਿੰਡ......
ਅਮਰ ਸਿੰਘ ਜੀ ਕਿਰਤੀ ਕੋਲੋ ਕਵਿਤਾ ਲਿਖਣੀ ਸਿੱਖਿਆ ਸੀ।
ਸੱਚ ਸੱਚ ਨੂੰ ਝੂਠ ਝੂਠ ਨੂੰ ਨਾਲ ਜੁਰਅੱਤ ਦੇ ਲਿਖਿਆ ਸੀ।
ਸਪੋਕਸਮੈਨ ਜਿਹੇ ਅਖ਼ਬਾਰਾਂ ਦਾ ਬਣਕੇ ਉਹੋ ਕੰਗਾਰ ਗਿਆ।
ਚਾਨੀ ਪਿੰਡ......
ਜਦ ਬਰਗਾੜੀ ਵਿਚ ਮੰਡ ਨੇ ਆਣ ਮੋਰਚਾ ਲਾਇਆ ਸੀ।
ਕਲਮ ਦੁੱਕਲੀ ਫੇਰ ਚਾਨੀ ਨੇ ਬਣਦਾ ਫ਼ਰਜ਼ ਨਿਭਾਇਆ ਸੀ।
ਸੌ ਤੋਂ ਉਪਰ ਲਿਖਕੇ ਕਵਿਤਾ ਵੱਡੀਆਂ ਮੱਲਾਂ ਮਾਰ ਗਿਆ।
ਚਾਨੀ ਪਿੰਡ..........
ਵਿਚ ਮੋਰਚੇ ਬੈਠਾ ਰਹਿੰਦਾ ਨਾ ਅੱਕਦਾ ਨਾ ਥੱਕਦਾ ਸੀ।
ਦਾਦੂਵਾਲ ਦੇ ਬੋਲਣ ਮਗਰੋ ਫਿਰ ਪ੍ਰਸ਼ਾਦਾ ਛਕਦਾ ਸੀ।
ਢਾਡੀਆਂ ਅਤੇ ਕਵੀਸ਼ਰਾਂ ਦਾ ਵੀ ਬਣ ਸੱਚਾ ਦਿਲਦਾਰ ਗਿਆ।
ਚਾਨੀ ਪਿੰਡ.........
ਦੋ ਪੁਸਤਕਾਂ ਮਹਿਕ ਵਤਨ ਤੋਂ ਜਲਦੀ ਨਾਲ ਛਪਾਈਆਂ ਦੋ।
ਹਿੰਮਤ ਕਰਕੇ ਪਤ੍ਰਨ ਵਾਲਿਆਂ ਦੀ ਝੋਲੀ ਦੇ ਵਿਚ ਪਾਈਆਂ ਦੋ।
ਤਾਹੀ ਸਾਰੇ ਕਹਿੰਦੇ ਚਾਨੀ ਕਵੀਆਂ ਦਾ ਸਰਦਾਰ ਗਿਆ।
ਚਾਨੀ ਪਿੰਡ.........
ਕਈ ਸੈਂਕੜੇ ਵਿਦਵਾਨ ਹੈ ਜਿਹੜੇ ਉਸ ਨੂੰ ਚਹੁੰਦੇ ਸੀ।
ਦੇਸ਼ ਵਿਦੇਸ਼ਾਂ ਵਿਚੋ ਤਾਹੀ ਫੋਨ ਬਥੇਰੇ ਆਉਂਦੇ ਸੀ।
ਹੱਸ ਹੱਸਕੇ ਗੱਲਾਂ ਕਰਦਾ ਛੱਡ ਫਾਨੀ ਸੰਸਾਰ ਗਿਆ।
ਚਾਨੀ ਪਿੰਡ.........
ਜਾਣ ਤੋ ਇੱਕ ਦਿਨ ਪਹਿਲਾਂ ਉਸਨੇ ਸੋਹਤਾ ਫੋਨ ਲਗਾਇਆ ਏ।
ਕਹਿੰਦਾ ਧੰਮੂ ਫੁਰਕੋਟੀਆ ਜਾਣਾ ਨਹੀ ਭੁਲਾਇਆ ਏ।
ਜਾਣ ਲੱਗਿਆਂ ਪਿੰਡ ਨਾਨਕੇ ਕੁੱਝ ਕੁ ਸਮਾਂ ਗੁਜ਼ਾਰ ਗਿਆ।
ਚਾਨੀ ਪਿੰਡ ਬਰਗਾੜੀ ਵਾਲਾ ਵੰਡਕੇ ਗੂੜ੍ਹਾ ਪਿਆਰ ਗਿਆ।

– ਢਾਡੀ ਸਾਧੂ ਸਿੰਘ ਧੰਮੂ ਫੁਰਕੋਟ

# ਮਿੰਨੀ ਕਹਾਣੀ

## ਕੌਣ ਸਾਹਿਬ ਨੂੰ ਆਖੇ ਇਉਂ ਨਹੀਂ ਇੰਝ ਕਰ

ਲਾਲੀ ਦੀ ਮਾਂ ਗਰਭਵਤੀ ਸੀ ਤੇ ਲਾਲੀ ਦੀ ਦਾਦੀ ਲਾਲੀ ਕੋਲੋ ਪੁਛਿਆ ਕਰੇ, 'ਲਾਲੀ ਆਪਣੇ ਕੋਠੇ ਤੇ ਕੀ ਹੈ ਚਿੜੀ ਕਿ ਮੋਰ ?' ਨਿਆਣੀ ਸੀ ਉਹਨੂੰ ਸਮਝ ਨਹੀਂ ਸੀ ਇਨਾਂ ਗੱਲਾਂ ਦੀ, ਪਰ ਦਾਦੀ ਦੇ ਸਮਝਾਏ ਮੁਤਾਬਕ ਉਹ ਅਕਸਰ ਆਖਿਆ ਕਰਦੀ ਸੀ 'ਮੋਰ'

ਫਿਰ ਮਾਂ ਦੇ ਜਣੇਪੇ ਦੇ ਨਾਲ ਹੀ ਬਾਲੜੀ ਤੇ ਕਹਿਰ ਟੁੱਟ ਪਿਆ। ਮਾਂ ਤੇ ਲਾਲੀ ਦਾ ਮੋਰ ਦੋਵੇਂ ਹੀ ਦੁਨੀਆਂ ਤੋਂ ਤੁਰ ਗਏ। ਨਿੱਕੀ ਜਿਹੀ ਬਾਲੜੀ ਦਾਦਕਿਆਂ ਤੋਂ ਨਾਨਕਿਆਂ ਦੇ ਹਵਾਲੇ ਕਰ ਦਿੱਤੀ ਗਈ। ਨਾਨੀ ਅਕਸਰ ਮਾਂ ਲਈ ਵਿਲਕਦੀ ਲਾਲੀ ਨੂੰ ਆਖ ਦਿਆ ਕਰਦੀ ਸੀ ਕਿ ਮਾਂ ਮੋਰ ਲੈਣ ਦੇਸ਼ ਗੈਲ ਗਈ ਏ, ਜਲਦੀ ਆ ਜਾਣਾ ਬਸ ਉਹਨੇ।

ਅਚਾਨਕ ਇਕ ਦਿਨ ਗੁਆਂਢੀਆਂ ਦੇ ਘਰ ਆਪਣੀ ਹਮ ਉਮਰ ਬਿੰਨੂ ਨਾਲ ਖੇਡਦੀ ਲਾਲੀ ਨੂੰ ਜਦੋਂ ਬਿੰਨੂ ਨੇ ਦਸਿਆ ਕਿ ਸਾਡੇ ਘਰ ਕਾਕਾ ਆਉਣ ਵਾਲਾ ਤਾਂ ਲਾਲੀ ਦੀਆਂ ਅੱਖਾਂ ਭਰ ਆਈਆਂ, ਲਾਲੀ ਉਸਨੂੰ ਕਹਿੰਦੀ,

ਜੇ ਤੈਨੂੰ ਕੋਈ ਪੁੱਛੇ ਕਿ ਤੁਹਾਡੇ ਕੋਠੇ ਤੇ ਕੀ ਏ ? ਤਾਂ ਮੋਰ ਨਾਂ ਕਹੀਂ,

'ਕਿਉਂ ਲਾਲੀ ? ਅਣਜਾਣ ਬਿੰਨੂ ਨੇ ਪੁੱਛਿਆ।'

'ਮੋਰ ਲੈਣ ਲਈ ਮੰਮੀਆਂ ਨੂੰ ਰੱਬ ਕੋਲ ਜਾਣਾ ਪੈਂਦਾਂ ਤੇ ਫਿਰ ਉਹ ਜਲਦੀ ਨਹੀਂ ਮੁੜਦੀਆਂ, ਫਿਰ ਯਾਦ ਬਹੁਤ ਆਉਂਦੀ ਏ ਮੰਮੀ ਦੀ।'

ਕਹਿੰਦੇ-ਕਹਿੰਦੇ ਲਾਲੀ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਕੋਲ ਬੈਠੀ ਬਿੰਨੂ ਦੀ ਮਾਂ ਦੀ ਧਾਹ ਨਿਕਲ ਗਈ।

ਉਸ ਨੇ ਲਾਲੀ ਨੂੰ ਘੁਟ ਕੇ ਸੀਨੇ ਨਾਲ ਲਾ ਲਿਆ ਤੇ ਮਨ ਹੀ ਮਨ ਉਹ ਕਹਿ ਰਹੀ ਸੀ, 'ਦਾਤੇ ਵੇ ਰੱਬਾ! ਇਨਾਂ ਮਾਸੂਮਾਂ ਨਾਲ ਕੀ ਵੈਰ ਹੁੰਦਾ ਤੇਰਾ?

(ਨੋਟ: ਇਸ ਕਹਾਣੀ ਦੇ ਲੇਖਕ ਦਾ ਨਾਮ ਨਹੀ ਪਤਾ, ਇਹ ਕਹਾਣੀ ਵਟਸਐਪ ਦੇ ਕਿਸੇ ਗਰੁੱਪ ਵਿੱਚ ਪੜ੍ਹੀ ਸੀ। ਪਰ ਇਹ ਅਧੂਰੀ ਸੀ। ਇਸ ਕਹਾਣੀ ਦਾ ਦਿਲਾ ਦਿਲ ਨੂੰ ਛੂਹ ਗਿਆ। ਇਸ ਨੂੰ ਪੂਰੀ ਕਰਕੇ ਪ੍ਰਕਾਸ਼ਿਤ ਕਰ ਦਿੱਤੀ ਹੈ। ਇਸ ਵਧੀਆ ਕਹਾਣੀ ਲਈ ਲੇਖਕ ਵਧਾਈ ਦਾ ਪਾਤਰ ਹੈ)

## ਵਿਚਿ ਦੁਨੀਆ ਸੇਵ ਕਮਾਈਐ॥



ਸੰਤ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣੇ ਵਾਲੇ | ਸੰਤ ਬਾਬਾ ਫੌਜਾ ਸਿੰਘ ਜੀ ਸੁਭਾਨੇ ਵਾਲੇ | ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾ ਵਾਲੇ | ਸੰਤ ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ | ਸੰਤ ਬਾਬਾ ਗੁਰਮੀਤ ਸਿੰਘ ਜੀ ਖੋਸਾ ਕੋਟਲਾ ਵਾਲੇ

ਕਿਸਾਨ ਵਿਰੋਧੀ ਕਾਲੇ ਕਾਨੂੰਨ ਖਿਲਾਫ ਧਰਨੇ ਅਤੇ ਰੇਲ ਰੋਕੋ ਅੰਨਦੋਲਨ ਤੇ ਬੈਠੈ ਕਿਸਾਨ ਵੀਰਾ ਲਈ ਲੰਗਰ ਅਤੇ ਚਾਹ-ਪਾਣੀ ਦੀ ਸੇਵਾ ਨਿਭਾਉਣ ਵਾਲੀਆਂ ਸਾਰੀਆਂ ਮਾਣਯੋਗ ਸਖਸ਼ੀਅਤਾਂ, ਕਲੱਬਾਂ, ਸੁਸਾਇਟੀਆਂ ਅਤੇ ਜੱਥੇਬੰਦੀਆਂ ਦਾ 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਤਹਿ ਦਿਲੋਂ ਧੰਨਵਾਦ!

ਵੱਲੋਂ: ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ ਅਤੇ ਸਮੂੰਹ ਸਟਾਫ
ਮਾਸਿਕ ਮੈਗਜੀਨ * ਰੋਜਾਨਾ ਆਨਲਾਈਨ ਅਖਬਾਰ * ਵੈੱਬ ਟੀ.ਵੀ.

ਮਹਿਕ ਵਤਨ ਦੀ
'Mehak Watan Di Live' ਲਾਈਵ

Help Line: 9988-92-9988 * www.mehakwatandilive.com

Scanned with CamScanner




ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੀ ਸੰਗਤ ਨਾਲ ਸਾਂਝਾ ਕਰੋ!

'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ! ਸਿਰਫ 3,000/- ਪ੍ਰਤੀ ਘੰਟਾ

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਪੰਜਾਬੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।




ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ

Monthly Magazine # Daily Online Newspaper # Web TV Channel

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

www.mehakwatandilive.com

Help Line: 9988 92 9988




# ਗੁਰਦੁਆਰਾ ਗੁਰੂ ਨਾਨਕ ਦਰਬਾਰ

## ਨਾਨਕਸਰ ਠਾਠ ਮੰਡੀਰਾਂ ਨਵਾਂ (ਜ਼ਿਲ੍ਹਾ ਮੋਗਾ)

## ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਦੀ

# ਸਲਾਨਾ ਬਰਸ਼ੀ ਸਮਾਗਮ 2020 ਦੀਆਂ ਝਲਕੀਆਂ










ਬਰਸੀ ਸਮਾਗਮ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਲੋੜੀ ਦੀ ਸਮਾਪਤੀ ਦੀ ਅਰਦਾਸ ਕਰਦੇ ਹੋਏ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਅਤੇ ਕੀਰਤਨ ਕਰਦੇ ਹੋਏ ਰਾਗੀ ਜੱਥੇ।






ਬਰਸੀ ਸਮਾਗਮ ਵਿੱਚ ਸੰਗਤਾ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ ਰਾਗੀ ਜੱਥੇ ਅਤੇ ਕਥਾ ਕਰਦੇ ਹੋਏ ਸੰਤ ਬਾਬਾ ਪਰਦੀਪ ਸਿੰਘ ਜੀ ਚਾਦਪੁਰੀ ਮਹਾਪੁਰਖ।






ਬਰਸੀ ਸਮਾਗਮ ਵਿੱਚ ਸੰਗਤਾ ਨਾਲ ਗੁਰਮਿਤ ਦੀ ਸਾਂਝ ਪਾਉਂਦੇ ਹੋਏ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਭਾਈ ਪਰਮਿੰਦਰ ਸਿੰਘ ਜੀ ਦਮਦਮੀ ਟਕਸਾਲ ਅਤੇ ਹੋਰ ਸੰਤ ਮਹਾਪੁਰਖ *** ਬਾਬਾ ਬਲਦੇਵ ਸਿੰਘ ਜੀ ਦਾ ਸਨਮਾਨ ਕਰਦੀ ਹੋਈ ਇਲਾਕੇ ਦੀ ਸਾਧ ਸੰਗਤ।






ਬਾਬਾ ਬਲਦੇਵ ਸਿੰਘ ਜੀ ਦਾ ਸਨਮਾਨ ਕਰਦੀ ਹੋਈ ਇਲਾਕੇ ਦੀ ਸਾਧ ਸੰਗਤ। *** ਸੇਵਾਦਾਰਾ ਨੂੰ ਮਾਸਕ ਵੰਡਦੇ ਹੋਏ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲੇ



## ਬਰਸ਼ੀ ਸਮਾਗਮ ਵਿੱਚ ਹਾਜਰ ਹੋਈਆਂ ਸਾਰੀਆਂ ਸੰਗਤਾਂ ਦਾ ਹਾਰਦਿਕ ਧੰਨਵਾਦ! ਜੀ ਆਇਆ ਨੂੰ...

ਮੁੱਖ ਪ੍ਰਬੰਧਕ
ਭਾਈ ਹਰਪ੍ਰੀਤ ਸਿੰਘ ਛੋਨੀ
ਸੰਪਰਕ: 99149-01113



ਮੁੱਖ ਸੇਵਾਦਾਰ

## ਸ੍ਰੀ ਮਾਨ ਸੰਤ ਬਾਬਾ ਬਲਦੇਵ ਸਿੰਘ ਜੀ

ਮੁੱਖ ਪ੍ਰਬੰਧਕ ਭਾਈ ਹਰਪ੍ਰੀਤ ਸਿੰਘ ਛੋਨੀ, ਮੋ. 99149-01113

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner